


ਪੰਜਾਬੀਆਂ ਦੀ ਸੋਚ ਦਾ ਹਾਣੀ

RNI NO: PUNMUL/2022/85966

# ਪੰਜਾਬੀ ਪਹਿਚਾਣ

www.punjabipehchan.com



ਪੱਤਰਕਾਰਾਂ ਦੀ ਲੋੜ
ਪੰਜਾਬੀ ਪਹਿਚਾਣ
ਅਦਾਰੇ ਨੂੰ ਹਰ ਜ਼ਿਲ੍ਹਾ ਹੈੱਡਕੁਆਟਰ
ਹਰ ਸ਼ਹਿਰ ਤੇ ਹਰ ਕਸਬੇ ਲਈ
ਮਿਹਨਤੀ ਅਤੇ ਤਜਰਬੇਕਾਰ
ਪੱਤਰਕਾਰਾਂ ਦੀ ਲੋੜ ਹੈ।
ਚਾਹਵਾਨ ਸੰਪਰਕ ਕਰੋ :
Ph: 0181-4640400
Mobile : 93166-12100



ਸਾਲ : ਪਹਿਲਾ | ਅੰਕ : ਤੀਸਰਾ | ਮਾਰਚ 2024 | ਸਫੇ : 12 | ਮੁੱਲ : 25/ਰੁ:- | Ph: 0181-4640400, 93166-12100 | E-mail : punjabipehchanifo@gmail.com | PUNJABI PEHCHAN


## ਅੰਦਰ ਝਾਤ


ਸਫਾ 02

ਇਤਿਹਾਸਕ ਨਗਰੀ ਸੁਲਤਾਨਪੁਰ ਲੋਧੀ ਪ੍ਰਤੀ ਪ੍ਰਸ਼ਾਸਨ ਬੇਧਿਆਨਾ

ਸਫਾ 03

ਹੁਣ ਗੁਰਦਾਸਪੁਰ ਦੇ ਲੋਕ ਭਾਲਦੇ ਹਨ ਸਥਾਨਕ ਆਗੂ

ਸਫਾ 04

ਪੰਜਾਬ ਨੂੰ ਛੇਤੀ ਮਿਲਣਗੇ 28 ਨਵੇਂ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ

ਸਫਾ 06

ਨਾਰੀ ਲਈ ਸਿੱਖਿਆ ਦਾ ਗਹਿਣਾ ਹੀ ਕਾਫੀ

ਸਫਾ 11


ਰੂਸ-ਯੂਕ੍ਰੇਨ ਜੰਗ 'ਚ 4 ਲੱਖ ਤੋਂ ਵੱਧ ਫੌਜੀ ਅਤੇ ਹਥਿਆਰਾਂ ਦੀ ਹਾਨੀ


## ਲੋਕ ਸਭਾ ਚੋਣਾਂ 2024 ਲਈ ਪੰਜਾਬ ਦਾ ਪ੍ਰੋਗਰਾਮ ਜਾਰੀ



ਚੰਡੀਗੜ੍ਹ : (ਪੰਜਾਬੀ ਪਹਿਚਾਣ ਬਿਊਰੋ) ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ. ਨੇ ਪੰਜਾਬ ਰਾਜ ਲਈ ਲੋਕ ਸਭਾ ਚੋਣਾਂ 2024 ਦਾ ਚੋਣ ਪ੍ਰੋਗਰਾਮ ਜਾਰੀ ਕਰ ਦਿੱਤਾ ਹੈ। ਇਸ ਸਬੰਧੀ ਅਹਿਮ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਚੋਣਾਂ ਲਈ ਗਜ਼ਟ ਨੋਟੀਫਿਕੇਸ਼ਨ 7 ਮਈ, 2024 (ਮੰਗਲਵਾਰ) ਨੂੰ ਜਾਰੀ ਕੀਤਾ ਜਾਣਾ ਤੈਅ ਹੋਇਆ ਹੈ। ਨਾਮਜ਼ਦਗੀਆਂ ਲਈ ਅੰਤਿਮ ਮਿਤੀ 14 ਮਈ, 2024 (ਮੰਗਲਵਾਰ) ਨਿਰਧਾਰਤ ਕੀਤੀ ਗਈ ਹੈ ਜਦਕਿ ਨਾਮਜ਼ਦਗੀਆਂ ਦੀ ਪੜਤਾਲ 15 ਮਈ, 2024 (ਬੁੱਧਵਾਰ) ਨੂੰ ਹੋਵੇਗੀ। ਉਮੀਦਵਾਰ 17 ਮਈ, 2024 (ਸ਼ੁੱਕਰਵਾਰ) ਤੱਕ ਆਪਣੀਆਂ ਨਾਮਜ਼ਦਗੀਆਂ ਵਾਪਸ ਲੈ ਸਕਦੇ ਹਨ। ਪੰਜਾਬ ਵਿੱਚ 1 ਜੂਨ, 2024 (ਸ਼ਨੀਵਾਰ) ਨੂੰ ਵੋਟਾਂ ਪੈਣਗੀਆਂ, ਜਦਕਿ ਪੰਜਾਬ ਸਮੇਤ ਪੂਰੇ ਦੇਸ਼ ਵਿੱਚ 4 ਜੂਨ, 2024 (ਮੰਗਲਵਾਰ) ਨੂੰ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ। ਚੋਣਾਂ ਦੇ ਮੁਕੰਮਲ ਹੋਣ ਦੀ ਅੰਤਿਮ ਮਿਤੀ 6 ਜੂਨ, 2024 (ਵੀਰਵਾਰ) ਹੈ।

## ਵਲਾਦੀਮੀਰ ਪੁਤਿਨ ਦੀ ਰੂਸੀ ਸਿਆਸਤ 'ਚ ਮੁੜ ਪਕੜ ਮਜ਼ਬੂਤ



ਰੂਸ : ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਰੂਸ ਦੀਆਂ ਚੋਣਾਂ ਵਿੱਚ ਰਿਕਾਰਡ ਜਿੱਤ ਪ੍ਰਾਪਤ ਕਰਕੇ ਇੱਕ ਵਾਰ ਫਿਰ ਸੱਤਾ 'ਤੇ ਆਪਣੀ ਪਕੜ ਮਜ਼ਬੂਤ ਕੀਤੀ ਹੈ। ਇੱਥੋਂ ਤੱਕ ਕਿ ਹਜ਼ਾਰਾਂ ਵਿਰੋਧੀਆਂ ਨੇ ਰੂਸ ਵਿੱਚ ਚੋਣਾਂ ਨੂੰ ਲੈ ਕੇ ਪੋਲਿੰਗ ਸਟੇਸ਼ਨਾਂ ਦੇ ਬਾਹਰ ਪ੍ਰਦਰਸ਼ਨ ਵੀ ਕੀਤਾ। ਇਸ ਦੌਰਾਨ ਰੂਸ ਦੇ ਨਤੀਜਿਆਂ 'ਤੇ ਅਮਰੀਕਾ ਨੇ ਕਿਹਾ ਕਿ ਵੋਟਿੰਗ ਨਾ ਤਾਂ ਆਜ਼ਾਦ ਅਤੇ ਨਾ ਹੀ ਨਿਰਪੱਖ ਸੀ। ਰੂਸ ਦੇ ਕੇਂਦਰੀ ਚੋਣ ਕਮਿਸ਼ਨ ਮੁਤਾਬਕ ਪੁਤਿਨ ਨੇ ਲਗਭਗ 60 ਫੀਸਦੀ ਖੇਤਰਾਂ 'ਚ ਗਿਣਤੀ ਤੋਂ ਬਾਅਦ 87.98 ਫੀਸਦੀ ਵੋਟਾਂ ਹਾਸਲ ਕੀਤੀਆਂ। ਇਸ ਤੋਂ ਪਹਿਲਾਂ ਐਗਜ਼ਿਟ ਪੋਲ 'ਚ ਵੀ ਅਜਿਹੇ ਅੰਦਾਜ਼ੇ ਲਗਾਏ ਗਏ ਸਨ। ਪੋਲਸਟਰ ਪਬਲਿਕ ਓਪੀਨੀਅਨ ਫਾਊਂਡੇਸ਼ਨ (ਐਫਓਐਮ) ਦੁਆਰਾ ਇੱਕ ਐਗਜ਼ਿਟ ਪੋਲ ਦੇ ਅਨੁਸਾਰ, ਪੁਤਿਨ ਨੂੰ 87.8% ਵੋਟਾਂ ਜਿੱਤਣ ਦੀ ਉਮੀਦ ਹੈ, ਜੋ ਕਿ ਸੋਵੀਅਤ ਤੋਂ ਬਾਅਦ ਦੇ ਇਤਿਹਾਸ ਵਿੱਚ ਰੂਸ ਵਿੱਚ ਕਿਸੇ ਨੇਤਾ ਲਈ ਸਭ ਤੋਂ ਵੱਧ ਨਤੀਜਾ ਹੈ।

## ਐੱਸਬੀਆਈ ਚੋਣ ਬਾਂਡ ਸਬੰਧੀ ਕੋਈ ਜਾਣਕਾਰੀ ਨਾ ਲੁਕਾਏ ਤੇ ਸਾਰੇ ਵੇਰਵਿਆਂ ਦਾ ਖ਼ੁਲਾਸਾ ਕਰੇ: ਸੁਪਰੀਮ ਕੋਰਟ




ਨਵੀਂ ਦਿੱਲੀ : ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਭਾਰਤੀ ਸਟੇਟ ਬੈਂਕ (ਐੱਸਬੀਆਈ) ਚੋਣਵੀਂ ਪਹੁੰਚ ਨਹੀਂ ਅਪਣਾ ਸਕਦਾ ਅਤੇ ਉਸ ਨੂੰ ਚੋਣ ਬਾਂਡਾਂ ਬਾਰੇ ਹਰੇਕ ਸੰਭਵ ਜਾਣਕਾਰੀ ਦਾ ਖੁਲਾਸਾ ਕਰਨਾ ਹੋਵੇਗਾ, ਜਿਸ ਵਿੱਚ ਵਿਲੱਖਣ ਬਾਂਡ ਨੰਬਰ ਸ਼ਾਮਲ ਹਨ, ਜਿਸ ਨਾਲ ਖਰੀਦਦਾਰ ਅਤੇ ਪ੍ਰਾਪਤਕਰਤਾ ਸਿਆਸੀ ਪਾਰਟੀਆਂ ਦੇ ਆਪਸੀ ਸਬੰਧਾਂ ਦਾ ਖੁਲਾਸਾ ਹੋਵੇਗਾ। ਭਾਰਤ ਦੇ ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਪੰਜ ਜੱਜਾਂ ਦੀ ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਚੋਣ ਬਾਂਡ ਮਾਮਲੇ ਵਿੱਚ ਆਪਣੇ ਫੈਸਲੇ ਵਿੱਚ ਬੈਂਕ ਨੂੰ ਬਾਂਡਾਂ ਦੇ ਸਾਰੇ ਵੇਰਵਿਆਂ ਦਾ ਖੁਲਾਸਾ ਕਰਨ ਲਈ ਕਿਹਾ ਸੀ ਅਤੇ ਉਸ ਇਸ ਸਬੰਧੀ ਹੋਰ ਹੁਕਮਾਂ ਦੀ ਉਡੀਕ ਨਹੀਂ ਕਰਨੀ ਚਾਹੀਦੀ।

ਬੈਂਚ ਵਿੱਚ ਜਸਟਿਸ ਸੰਜੀਵ ਖੰਨਾ, ਜਸਟਿਸ ਬੀਆਰ ਗਵਈ, ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਹਨ।

## ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵੱਲੋਂ ਚੋਣ ਪ੍ਰਚਾਰ ਸ਼ੁਰੂ

### ਵਿਰੋਧੀ ਧਿਰਾਂ ਨੇ ਹਾਲੇ ਤੱਕ ਨਹੀਂ ਐਲਾਨੇ ਉਮੀਦਵਾਰ











ਚੰਡੀਗੜ੍ਹ : ਭਾਰਤੀ ਚੋਣ ਕਮਿਸ਼ਨ ਵੱਲੋਂ ਚੋਣ ਪ੍ਰੋਗਰਾਮ ਐਲਾਨੇ ਜਾਣ ਨਾਲ ਹੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ ਜਦੋਂ ਕਿ ਵਿਰੋਧੀ ਧਿਰਾਂ ਨੇ ਹਾਲੇ ਉਮੀਦਵਾਰਾਂ ਦਾ ਐਲਾਨ ਹੀ ਨਹੀਂ ਕੀਤਾ। 'ਆਪ' ਨੇ ਅੱਠ ਉਮੀਦਵਾਰ ਐਲਾਨ ਦਿੱਤੇ ਹਨ ਜਦੋਂ ਕਿ ਬਾਕੀ ਸਿਆਸੀ ਧਿਰਾਂ ਦਾ ਉਮੀਦਵਾਰਾਂ ਲਈ ਮੰਥਨ ਜਾਰੀ ਹੈ। ਫਰੀਦਕੋਟ ਲੋਕ ਸਭਾ ਹਲਕੇ ਤੋਂ 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੇ ਚੋਣ ਮੁਹਿੰਮ ਦਾ ਆਗਾਜ਼ ਕਰ ਦਿੱਤਾ ਹੈ। ਉਨ੍ਹਾਂ ਬਾਬਾ ਸ਼ੇਖ ਫਰੀਦ ਜੀ ਦੇ ਗੁਰਦੁਆਰਾ ਟਿੱਲਾ ਬਾਬਾ ਫਰੀਦ 'ਤੇ ਮੱਥਾ ਟੇਕਿਆ ਅਤੇ ਨਿਹਾਲ ਸਿੰਘ ਵਾਲਾ ਹਲਕੇ ਵਿਚ ਗੁਰੂ ਘਰ ਗਿਆਰਵੀਂ ਵਾਲੇ ਦੌਧਰ 'ਚ ਵੀ ਨਤਮਸਤਕ ਹੋ ਕੇ ਚੋਣ ਮੁਹਿੰਮ ਵਿੱਢੀ। ਹਲਕਾ ਸੰਗਰੂਰ ਤੋਂ 'ਆਪ' ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਵੀ ਚੰਨੋ ਤੋਂ ਆਪਣਾ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਾਫਲੇ ਦੇ ਰੂਪ ਵਿਚ ਮੁਹਿੰਮ ਸ਼ੁਰੂ ਕੀਤੀ। ਇਸ ਤਰ੍ਹਾਂ ਹੀ ਹਲਕਾ ਅੰਮ੍ਰਿਤਸਰ ਤੋਂ 'ਆਪ' ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਨੇ ਵੀ ਚੋਣ ਬਿਗਲ ਵਜਾ ਦਿੱਤਾ ਹੈ। ਉਨ੍ਹਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਿਆ ਅਤੇ ਅੰਮ੍ਰਿਤਸਰ ਸ਼ਹਿਰ ਵਿਚ ਚੋਣ ਮੁਹਿੰਮ ਦਾ ਮੁੱਢ ਬੰਨ੍ਹਿਆ। ਹਲਕਾ ਜਲੰਧਰ ਤੋਂ 'ਆਪ' ਉਮੀਦਵਾਰ ਸੁਸ਼ੀਲ ਰਿੰਕੂ ਵੀ ਸਰਗਰਮ ਹੋ ਗਏ ਹਨ। ਬਠਿੰਡਾ ਤੋਂ 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਦੀ ਟੀਮ ਨੇ ਵੀ ਹਲਕੇ ਵਿਚ ਚਾਰਾਜ਼ੋਈ ਸ਼ੁਰੂ ਕਰ ਦਿੱਤੀ ਹੈ। ਫਤਹਿਗੜ੍ਹ ਸਾਹਿਬ ਤੋਂ 'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਨੇ ਵੀ ਆਪਣੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਬੇਸ਼ੱਕ ਹਾਲੇ ਉਮੀਦਵਾਰਾਂ ਦਾ ਐਲਾਨ ਤਾਂ

(ਬਾਕੀ ਸਫਾ 2 'ਤੇ)

## ਮੁੜ ਈਡੀ ਅੱਗੇ ਪੇਸ਼ ਨਾ ਹੋਏ ਅਰਵਿੰਦ ਕੇਜਰੀਵਾਲ



ਨਵੀਂ ਦਿੱਲੀ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਿੱਲੀ ਜਲ ਬੋਰਡ ਵਿੱਚ ਕਥਿਤ ਬੇਨਿਯਮੀਆਂ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਸੰਮਨ ਜਾਰੀ ਕਰਨ 'ਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਅੱਗੇ ਪੇਸ਼ ਨਹੀਂ ਹੋਏ। ਆਮ ਆਦਮੀ ਪਾਰਟੀ (ਆਪ) ਨੇ ਵੀ ਸੰਮਨ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਅਤੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਕੇਜਰੀਵਾਲ ਨੂੰ ਨਿਸ਼ਾਨਾ ਬਣਾਉਣ ਲਈ ਈਡੀ ਦੀ ਵਰਤੋਂ ਕਰਨ ਦਾ ਦੋਸ਼ ਲਾਇਆ। ਕੇਂਦਰੀ ਏਜੰਸੀ ਨੇ ਦਿੱਲੀ ਜਲ ਬੋਰਡ (ਡੀਜੇਬੀ) ਵਿੱਚ ਕਥਿਤ ਬੇਨਿਯਮੀਆਂ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦੇ ਸਬੰਧ ਵਿੱਚ ਕੇਜਰੀਵਾਲ ਨੂੰ 18 ਮਾਰਚ ਨੂੰ ਪੁੱਛ ਪੜਤਾਲ ਲਈ ਤਲਬ ਕੀਤਾ ਸੀ।

### ਹਵੇਲੀ 'ਚ ਮੁੜ ਪਰਤੀਆਂ ਰੌਣਕਾਂ

## ਵੱਡੇ ਪੈਰੀਂ ਗਿਆ... ਛੋਟੇ ਪੈਰੀਂ ਪਰਤਿਆ ਸਿੱਧੂ ਮੂਸੇਵਾਲਾ



ਮਾਨਸਾ : ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਬੇਟੇ ਨੂੰ ਜਨਮ ਦਿੱਤਾ। ਕਰੀਬ ਦੋ ਸਾਲਾਂ ਬਾਅਦ ਸਿੱਧੂ ਮੂਸੇਵਾਲਾ ਦੀ ਕੋਠੀ 'ਚ ਜਸ਼ਨ ਦਾ ਮਾਹੌਲ ਦੇਖਣ ਨੂੰ ਮਿਲਿਆ। ਚਰਨ ਕੌਰ ਵੱਲੋਂ ਬੇਟੇ ਨੂੰ ਜਨਮ ਦੇਣ ਦੀ ਖ਼ਬਰ ਜਿਵੇਂ ਹੀ ਪਿੰਡ ਮੂਸੇ ਪੁੱਜੀ ਤਾਂ ਸਿੱਧੂ ਮੂਸੇਵਾਲੇ ਦੇ ਪ੍ਰਸ਼ੰਸਕ ਅਤੇ ਪਿੰਡ ਦੀਆਂ ਔਰਤਾਂ ਸਿੱਧੂ ਦੀ ਕੋਠੀ ਪੁੱਜੇ ਤੇ ਖੂਬ ਗਿੱਧਾ ਤੇ ਭੰਗੜਾ ਪਾਇਆ ਤੇ ਛੋਟੇ ਸਿੱਧੂ ਦੇ ਜਨਮ ਦੀ ਖ਼ੁਸ਼ੀ ਮਨਾਈ। ਜ਼ਿਕਰਯੋਗ ਹੈ ਕਿ 29 ਮਈ 2022 ਨੂੰ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿੱਚ ਗੈਂਗਸਟਰਾਂ ਵੱਲੋਂ ਸਿੱਧੂ ਮੂਸੇਵਾਲਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪ੍ਰਸ਼ੰਸਕ ਉਨ੍ਹਾਂ ਦੀ ਕੋਠੀ ਅਤੇ ਸਮਾਧ 'ਤੇ ਇਕੱਠੇ ਹੋਏ ਤੇ ਉਨ੍ਹਾਂ ਨੇ ਮਠਿਆਈਆਂ ਵੰਡੀਆਂ ਅਤੇ ਭੰਗੜਾ ਪਾਇਆ। ਸਿੱਧੂ ਦੇ ਪ੍ਰਸ਼ੰਸਕਾਂ ਦੀ ਭੀੜ ਆਮ ਦਿਨਾਂ ਦੇ ਮੁਕਾਬਲੇ ਦੁੱਗਣੀ ਦੇਖੀ ਗਈ। ਸਿੱਧੂ ਮੂਸੇਵਾਲਾ ਦੇ ਘਰ ਆਉਣ ਵਾਲੇ ਦਿਨਾਂ ਵਿਚ ਵਿਦੇਸ਼ਾਂ ਤੋਂ ਵੀ ਪ੍ਰਸ਼ੰਸਕਾਂ ਦੇ ਪੁੱਜਣ ਦੀ ਉਮੀਦ ਹੈ।

ਸਿੱਧੂ ਮੂਸੇਵਾਲਾ ਦੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਇਸ ਮੌਕੇ ਕਿਹਾ ਕਿ ਉਹ ਅਕਾਲ ਪੁਰਖ ਦੇ ਸ਼ੁਕਰਗੁਜ਼ਾਰ ਹਨ ਕਿ ਉਨ੍ਹਾਂ ਦੇ ਵਿਹੜੇ ਮੁੜ ਸ਼ੁਭਦੀਪ ਸਿੰਘ ਨੂੰ ਬਾਲ ਰੂਪ 'ਚ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਨਵ-ਜੰਮੇ ਬੱਚੇ ਦਾ ਨਾਂ ਸ਼ੁਭਦੀਪ ਸਿੰਘ ਹੀ ਰੱਖਿਆ ਜਾਵੇਗਾ।




ਦਫਤਰ : 207, ਦੂਸਰੀ ਮੰਜ਼ਿਲ, ਸਿਲਵਰ ਪਲਾਜ਼ਾ, ਸੋਢਲ ਰੋਡ, ਜਲੰਧਰ Ph: 0181-4640400, M : 93166-12100

### ਸ੍ਰੀ ਗੁਰੂ ਨਾਨਕ ਦੇਵ ਜੀ ਜੀ ਦੀ ਚਰਨ ਛੋਹ ਪ੍ਰਾਪਤ ਪਾਵਨ ਨਗਰੀ ਦਾ ਬੁਰਾ ਹਾਲ

# ਇਤਿਹਾਸਕ ਨਗਰੀ ਸੁਲਤਾਨਪੁਰ ਲੋਧੀ ਪ੍ਰਤੀ ਪ੍ਰਸ਼ਾਸ਼ਨ ਬੇਧਿਆਨਾ

## ਪੁੱਟੀਆਂ ਸੜਕਾਂ ਬਣੀਆਂ ਪਰੇਸ਼ਾਨੀ ਦਾ ਸਬੱਬ | ਸ਼ਹਿਰਵਾਸੀ ਬੁਰੀ ਤਰਾਂ ਪਰੇਸ਼ਾਨ










**ਜਗਜੀਤ ਸਿੰਘ ਧੰਜੂ, ਸੁਰਿੰਦਰ ਬੱਬੂ**

**ਸੁਲਤਾਨਪੁਰ ਲੋਧੀ :** ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ ਵੱਲੋਂ ਪਵਿੱਤਰ ਸ਼ਹਿਰ ਐਲਾਨੇ ਜਾਣ ਅਤੇ ਉਸ ਸਮੇਂ ਦੀ ਮੌਜੂਦਾ ਸਰਕਾਰ ਵੱਲੋਂ ਪਵਿੱਤਰ ਨਗਰੀ ਵਿੱਚ ਕਰੋੜਾਂ ਰੁਪਏ ਖ਼ਰਚ ਕੇ ਵੱਡੀ ਪੱਧਰ 'ਤੇ ਵਿਕਾਸ ਕਾਰਜ ਕਰਵਾਉਣ ਦੇ ਕੀਤੇ ਦਾਅਵਿਆਂ ਦੇ ਬਾਵਜੂਦ ਲੋਕਾਂ ਅੱਗੇ ਸਮੱਸਿਆਵਾਂ ਜਿਉਂ ਦੀਆਂ ਤਿਉਂ ਹੀ ਖੜ੍ਹੀਆਂ ਹਨ। ਪਵਿੱਤਰ ਨਗਰੀ ਦੇ ਲੋਕਾਂ ਅਤੇ ਦੂਰ ਦੁਰਾਡੇ ਤੋਂ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਲਈ ਆਉਣ ਵਾਲੀਆਂ ਸੰਗਤਾਂ ਨੂੰ ਇਨ੍ਹਾਂ ਸਮੱਸਿਆਵਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਜੇ ਗੱਲ ਕਰੀਏ ਤਾਂ ਪਵਿੱਤਰ ਨਗਰੀ ਵਿੱਚ ਆਉਣ ਵਾਲੇ ਲੋਕਾਂ ਨੂੰ ਇਥੇ ਰੋਜ਼ਾਨਾ ਲੱਗ ਰਹੇ ਜਾਮ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੇ ਹਨ। ਸ਼ਹਿਰ ਵਿੱਚ ਵੱਖ-ਵੱਖ ਥਾਈਂ ਬੇਤਰਤੀਬੇ ਢੰਗ ਨਾਲ ਪੁੱਟੀਆਂ ਸੜਕਾਂ ਕਾਰਨ ਰਾਹਗੀਰਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੁਰੂ ਨਗਰੀ 'ਚ ਰੋਜ਼ਾਨਾ ਵੱਡੀ ਗਿਣਤੀ 'ਚ ਦੇਸ਼-ਵਿਦੇਸ਼ ਤੋਂ ਸੰਗਤਾਂ ਦਰਸ਼ਨ ਲਈ ਸੁਲਤਾਨਪੁਰ ਲੋਧੀ ਆਉਂਦੀਆਂ ਹਨ, ਜਿਹਨਾਂ ਨੂੰ ਟੁੱਟੀਆਂ ਸੜਕਾਂ ਕਾਰਨ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੀਵਰੇਜ ਦੇ ਕਾਰਜ ਕਰ ਕੇ ਸ਼ਹਿਰ 'ਚ ਹਰ ਪਾਸੇ ਧੂੜ ਮਿੱਟੀ ਉੱਡ ਰਹੀ ਹੈ। ਸੜਕਾਂ 'ਤੇ ਜਿਨ੍ਹਾਂ ਦੀਆਂ ਦੁਕਾਨਾਂ ਹਨ ਉਹ ਵੀ ਇਸ ਸਮੱਸਿਆ ਤੋਂ ਕਾਫੀ ਦੁਖੀ ਹਨ। ਦੁਕਾਨਦਾਰਾਂ ਅਨੁਸਾਰ ਜਿੱਥੇ ਸੜਕ ਤੋਂ ਉੱਡ ਦੀ ਮਿੱਟੀ ਉਨ੍ਹਾਂ ਦੀਆਂ ਦੁਕਾਨਾਂ ਤੇ ਪੈ ਰਹੀ ਹੈ, ਉਥੇ ਇਸ ਸੜਕ ਦੀ ਹਾਲਤ ਖਰਾਬ ਹੋਣ ਕਾਰਨ ਗਾਹਕ ਵੀ ਇਧਰ ਆਉਣ ਤੋਂ ਗੁਰੇਜ਼ ਕਰ ਰਹੇ ਹਨ। ਇਸ ਨਾਲ ਉਨ੍ਹਾਂ ਨੂੰ ਜਿੱਥੇ ਸਰੀਰਕ ਨੁਕਸਾਨ ਤਾਂ ਹੋ ਹੀ ਰਿਹਾ ਇਸਦੇ ਨਾਲ ਹੀ ਵਪਾਰ 'ਚ ਵੀ ਘਾਟਾ ਪੈ ਰਿਹਾ ਹੈ। ਸ਼ਹਿਰ 'ਚ ਜਗ੍ਹਾ-ਜਗ੍ਹਾ ਪਏ ਟੋਇਆ ਕਾਰਨ ਕੋਈ ਵੀ ਵੱਡਾ ਹਾਦਸਾ ਵਾਪਰਨ ਦਾ ਖ਼ਤਰਾ ਮੰਡਰਾਅ ਰਿਹਾ ਹੈ, ਜਿਸ ਤੋ ਪ੍ਰਸ਼ਾਸਨਕ ਅਧਿਕਾਰੀ ਬੇਖਬਰ ਹਨ। ਸੜਕਾਂ ਦੀ ਹਾਲਤ ਇੰਨੀ ਮਾੜੀ ਹੋ ਚੁੱਕੀ ਹੈ ਕਿ ਸ਼ਹਿਰ 'ਚ ਲੰਮੇ-ਲੰਮੇ ਜਾਮ ਲੱਗੇ ਹੋਏ ਹਨ। ਜਿਹੜੇ ਲੋਕਾਂ ਨੂੰ ਸਫਰ ਕੁਝ ਮਿੰਟਾਂ 'ਚ ਪੂਰਾ ਕਰਨਾ ਹੁੰਦਾ ਹੈ, ਉਹੀ ਰਸਤਾ ਤੈਅ ਕਰਨ ਲਈ ਲੋਕਾਂ ਨੂੰ ਕਈ ਕਈ ਘੰਟੇ ਰੋਡ ਜਾਮ 'ਚ ਫਸੇ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

**ਵਿਕਾਸ ਦੇ ਦਾਅਵੇ ਹੋਏ ਠੁੱਸ:**

2019 'ਚ ਸੁਲਤਾਨਪੁਰ ਲੋਧੀ ਵਿਖੇ ਬਾਬੇ ਨਾਨਕ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਇਆ ਗਿਆ ਸੀ। ਇਸ ਦੌਰਾਨ ਤਤਕਾਲੀ ਸਰਕਾਰਾਂ ਵੱਲੋਂ ਇਹ ਸਮਾਗਮ ਮਨਾਉਣ ਲਈ ਸ਼ਹਿਰ 'ਚ ਕਰੋੜਾਂ ਰੁਪਏ ਲਾਏ ਗਏ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇੰਨੇ ਸਾਲ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਸ਼ਹਿਰ ਦਾ ਵਿਕਾਸ ਉਥੇ ਦੀ ਉਥੇ ਖੜ੍ਹਾ ਹੈ। ਇਸ ਸਬੰਧੀ ਲੋਕ ਵੀ ਗੱਲਾਂ ਕਰ ਰਹੇ ਹਨ ਕਿ ਜੇਕਰ ਸਰਕਾਰਾਂ ਨੇ 2019 'ਚ ਸ਼ਹਿਰ 'ਚ ਪੈਸਾ ਖਰਚਿਆਂ ਹੈ ਤਾਂ ਫਿਰ ਇਹ ਸੜਕਾਂ ਦੀ ਪੁੱਟ ਪੁਟਾਈ ਕਿਉਂ? ਕੀ ਸਰਕਾਰਾਂ ਆਪਣੇ ਨਿੱਜੀ ਫਾਇਦੇ ਲਈ ਮੁੜ ਵਿਕਾਸ ਕਾਰਜ ਕਰਵਾ ਰਹੀਆਂ ਹਨ? ਕਿਤੇ ਨਾ ਕਿਤੇ ਸਰਕਾਰਾਂ ਵੱਲੋਂ ਕੀਤੇ ਦਾਅਵੇ ਤੇ ਵਾਅਦੇ ਠੁੱਸ ਹੁੰਦੇ ਨਜ਼ਰ ਆ ਰਹੇ ਹਨ।

**ਟਰੈਫਿਕ ਸਮੱਸਿਆ ਬਣੀ ਪੁਲਿਸ ਲਈ ਚਣੌਤੀ :** ਸ਼ਹਿਰ 'ਚ ਵਿਗੜੀ ਟਰੈਫਿਕ ਸਮੱਸਿਆ ਤੋਂ ਲੋਕਾਂ ਨੂੰ ਰਾਹਤ ਦੇਣ ਦਾ ਕੰਮ ਟਰੈਫਿਕ ਪੁਲਿਸ ਦਾ ਹੁੰਦਾ ਹੈ ਪਰ ਸੁਲਤਾਨਪੁਰ ਦੀ ਬੇਲਗਾਮ ਹੋ ਰਹੀ ਟਰੈਫਿਕ ਸਮੱਸਿਆ ਪੁਲਿਸ ਲਈ ਚਣੌਤੀ ਬਣੀ ਹੋਈ ਹੈ। ਰੋਜ਼ਾਨਾ ਲੱਗ ਰਹੇ ਵੱਡੇ-ਵੱਡੇ ਜਾਮ ਤੋਂ ਲੋਕਾਂ ਨੂੰ ਲੰਘਾਉਣ ਲਈ ਟਰੈਫਿਕ ਪੁਲਿਸ ਵੀ ਅਸਮਰਥ ਦਿਖਾਈ ਦੇ ਰਹੀ ਹੈ। ਸ਼ਹੀਦ ਊਧਮ ਸਿੰਘ ਚੌਕ ਤੋਂ ਲੈਕੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੱਕ ਆਏ ਦਿਨ ਲੱਗ ਰਹੇ ਜਾਮ ਲੋਕਾਂ ਲਈ ਵੱਡੀ ਸਿਰਦਰਦੀ ਬਣੇ ਹੋਏ ਹਨ, ਕਿਉਂਕਿ ਇਸ ਰੋਡ ਉਪਰ ਪ੍ਰਸ਼ਾਸਨਿਕ ਦਫਤਰ, ਕਚਹਿਰੀਆਂ, ਸਿਵਲ ਹਸਪਤਾਲ ,ਬੱਸ ਸਟੈਂਡ, ਹੋਟਲ, ਦਾਣਾ ਮੰਡੀ ਅਤੇ ਆਈਲੈਟਸ ਸੈਂਟਰ ਵੱਡੀ ਗਿਣਤੀ ਵਿੱਚ ਹਨ, ਜਿਸ ਕਾਰਨ ਵਾਹਨਾਂ ਦਾ ਵੱਡੀ ਗਿਣਤੀ ਵਿੱਚ ਆਉਣ ਜਾਣਾ ਬਣਿਆ ਰਹਿੰਦਾ ਹੈ। ਨਗਰ ਕੌਂਸਲ ਵੱਲੋਂ ਵੀ ਇਸ ਸਬੰਧੀ ਕੋਈ ਪੁਖਤਾ ਪ੍ਰਬੰਧ ਨਹੀਂ ਕੀਤੇ ਗਏ ਅਤੇ ਨਾ ਹੀ ਰਾਹਗੀਰਾਂ ਨੂੰ ਪ੍ਰੇਸ਼ਾਨੀ ਤੋਂ ਬਚਾਉਣ ਲਈ ਬਦਲਵੇਂ ਰੂਟ ਤਿਆਰ ਕੀਤੇ ਗਏ ਹਨ। ਇਸੇ ਤਰ੍ਹਾਂ ਆਰੀਆ ਸਮਾਜ ਚੌਕ, ਸਿੰਘ ਭਵਾਨੀ ਮੰਦਰ, ਪੁਰਾਣੀ ਸਬਜ਼ੀ ਮੰਡੀ ਰੋਡ, ਚੌਕ ਚੇਲਿਆਂ, ਪੁਰਾਣੇ ਸਿਵਲ ਹਸਪਤਾਲ ਦੇ ਸਾਹਮਣੇ ਵਾਲੀ ਰੋਡ, ਅਰੋੜਾ ਰਸਤਾ ਅਤੇ ਕਟੜਾ ਬਾਜ਼ਾਰ ਵਿੱਚ ਵੀ ਲਗਾਤਾਰ ਜਾਮ ਲੱਗੇ ਰਹਿੰਦੇ ਹਨ। ਇੱਥੇ ਵੱਡੀ ਤ੍ਰਾਸਦੀ ਇਹ ਵੀ ਹੈ ਕਿ ਨਗਰ ਕੌਂਸਲ ਹਾਲੇ ਤੱਕ ਪਵਿੱਤਰ ਸ਼ਹਿਰ ਅੰਦਰ ਪਾਰਕਿੰਗ ਲਈ ਵੀ ਪੁਖਤਾ ਪ੍ਰਬੰਧ ਨਹੀਂ ਕਰ ਸਕੀ ਅਤੇ ਨਾ ਹੀ ਸੜਕਾਂ ਉੱਪਰ ਹੋਏ ਨਾਜਾਇਜ਼ ਕਬਜ਼ਿਆਂ ਨੂੰ ਛੁਡਵਾਉਣ ਲਈ ਕੋਈ ਕਾਰਵਾਈ ਕੀਤੀ ਗਈ ਹੈ।

**ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਮੀਮਜ਼ :** ਸੜਕਾਂ ਦੀ ਹਾਲਤ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਮੀਮਜ਼ ਕਾਫੀ ਵਾਇਰਲ ਹੋ ਰਹੇ ਹਨ। ਜਿਸ 'ਚ ਲੋਕਾਂ ਵੱਲੋਂ ਹਾਸੇ ਮਾਜ਼ਕ 'ਚ ਇਸ ਸਮੱਸਿਆ ਨੂੰ ਸਰਕਾਰਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਕੁਝ ਦਿਨ ਪਹਿਲਾਂ ਸ਼ਹਿਰ ਦੇ ਵਸਨੀਕ ਬਲਜਿੰਦਰ ਸਿੰਘ ਵੱਲੋਂ ਇਸ ਸੰਬੰਧੀ ਇੱਕ ਪੋਸਟ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀ ਗਈ, ਜਿਸ 'ਚ ਉਨ੍ਹਾਂ ਲਿਖਿਆ, ਸੁਲਤਾਨਪੁਰ ਲੋਧੀ 'ਚ ਧੂੰਦ ਦਾ ਕਹਿਰ ਜਾਰੀ, (ਸਾਹਮਣੇ ਕਚਹਿਰੀ) । ਇਸ ਪੋਸਟ ਤੋਂ ਬਾਅਦ ਲੋਕਾਂ ਨੇ ਵੀ ਕੁਮੈਂਟਬਾਜ਼ੀ ਕਰ ਕੇ ਆਪਣਾ ਰੋਸ ਜਾਹਰ ਕੀਤਾ।

**ਫੋਟੋ : ਸਨਮ ਸਟੂਡੀਓ**

## ਇਸ ਤਰ੍ਹਾਂ ਹਨ ਲੋਕਾਂ ਦੇ ਕੁਮੈਂਟ




-2 ਸਾਲ ਹੋਰ ਰਹੇਗਾ

*—ਕਮਲਜੀਤ ਸਿੰਘ*

-ਭਾਜੀ ਗਰਮੀਆਂ ਨੂੰ ਵੇਖਿਓ ਕੀ ਬਣਦਾ। ਹੋਰ ਉਡੂ।

*—ਅਮਰਜੀਤ ਜੋਸਨ*

-ਜਦੋਂ ਤਕ ਸੀਵਰੇਜ ਤੇ ਵਾਟਰ ਸਪਲਾਈ ਦੀ ਲਾਈਨ ਦਾ ਕੰਮ ਮੁਕੰਮਲ ਨਹੀਂ ਹੁੰਦਾ ਪਰੇਸ਼ਾਨੀ ਇਸ ਤਰ੍ਹਾਂ ਹੀ ਰਹਿਣੀ। *—ਸਰੂਪ ਸਹੋਤਾ*

-ਪਾਰੀ ਸਾਹਮਣੇ ਬੋਰਡ ਲੱਗਾ ਤਾਂ ਹੈ ਮੀਸ਼ਨ 2024। *—ਜਤਿੰਦਰ ਮਹਿਰਾ*

-ਇਤਜਾਰ ਕਰੋ ਸਮਾਰਟ ਸਿਟੀ ਇੱਦਾ ਹੀ ਥੋੜੀ ਬਣ ਜਾਣੀ।

*— ਵਿਪਨ ਸ਼ਰਮਾ*

# ਪੰਜਾਬ ਸਭ ਤੋਂ ਵੱਧ ਪੜ੍ਹਿਆ-ਲਿਖਿਆ ਸ਼ਖਸ - ਹਰਦਿਆਲ ਸਿੰਘ ਸੈਂਹਬੀ

## ਯੂਨੀਵਰਸਟੀਆਂ ਤੋਂ ਸਾਰੀਆਂ ਡਿਗਰੀਆਂ ਕਰ ਲਈਆਂ, ਅਜੇ ਵੀ ਪੜ੍ਹਨ ਦੀ ਹੈ ਚਾਹਤ



ਮੁਲਾਕਾਤੀ
*ਚਰਨਜੀਤ ਜੋਗੀ*
98729-06272

ਕਹਿੰਦੇ ਆ ਪੜ੍ਹਾਈ ਦੀ ਕੋਈ ਉਮਰ ਨਹੀਂ ਹੁੰਦੀ ਹੈ। ਸਿੱਖਿਆ ਇਕ ਅਜਿਹੀ ਕੁੰਜੀ ਹੈ ਜੋ ਤੁਹਾਡੀ ਜ਼ਿੰਦਗੀ ਦੀ ਸਫਲਤਾ ਦਾ ਕਾਰਨ ਬਣਦੀ ਹੈ। ਹਰੇਕ ਵਿਅਕਤੀ ਆਪਣੀ ਜ਼ਿੰਦਗੀ 'ਚ ਓਦੋ ਹੀ ਸਫਲਤਾ ਪ੍ਰਾਪਤ ਕਰ ਸਕਦਾ ਹੈ ਜੇਕਰ ਉਸ ਕੋਲ ਸਿੱਖਿਆ ਹੋਵੇ। ਸਿੱਖਿਆ ਸਾਡਾ ਉਹ ਗਹਿਣਾ ਹੈ ਜਿਸ ਨੂੰ ਕੋਈ ਵੀ ਤੁਹਾਡੇ ਤੋਂ ਖੋਹ ਨਹੀਂ ਸਕਦਾ। ਅੱਜ-ਕੱਲ੍ਹ ਲੋਕ ਕਈ ਤਰ੍ਹਾਂ ਦੇ ਨਸ਼ੇ ਕਰਕੇ ਆਪਣੀ ਜ਼ਿੰਦਗੀ ਖਰਾਬ ਕਰ ਰਹੇ ਹਨ ਪਰ ਇਕ ਵਿਅਕਤੀ ਅਜਿਹਾ ਵੀ ਹੈ ਜੋ ਇਕ ਵੱਖਰਾ ਹੀ ਨਸ਼ਾ ਲਾਈ ਬੈਠਾ ਹੈ। ਜੀ ਹਾਂ ਬਿਲਕੁੱਲ ਉਹ ਨਸ਼ਾ ਹੈ ਸਿੱਖਿਆ ਦਾ। ਆਓ ਜਾਣਦੇ ਹਾਂ ਉਸ ਵਿਅਕਤੀ ਬਾਰੇ ਜਿਸਦੀ ਉਮਰ 80 ਸਾਲ ਹੈ ਪਰ ਉਸ ਨੇ ਇੰਨੀਆਂ ਡਿਗਰੀਆਂ ਕਰ ਲਈਆਂ ਕਿ ਯੂਨੀਵਰਸਟੀਆਂ ਵਾਲੇ ਵੀ ਹੱਥ ਜੋੜ ਗਏ। ਹੁਣ ਉਹ ਭਾਰਤ ਦੇ ਸਭ ਤੋਂ ਪੜ੍ਹੇ ਲਿਖੇ ਆਦਮੀ ਬਣ ਗਏ ਤੇ 47 ਦੇ ਕਰੀਬ ਉਨ੍ਹਾਂ ਕੋਲ ਡਿਗਰੀਆਂ ਹਨ। ਪਰ ਪੜ੍ਹਾਈ ਦੀ ਚਾਹਤ ਹਾਲੇ ਵੀ ਨਹੀਂ ਮੁੱਕੀ।

ਲਾਈਵ ਪੰਜਾਬੀ ਟੀਵੀ ਦੇ ਪੱਤਰਕਾਰ ਚਰਨਜੀਤ ਸਿੰਘ ਜੋਗੀ ਨੇ ਜਗਰਾਓਂ ਦੇ ਪਿੰਡ ਅਖਾੜਾ 'ਚ ਰਹਿਣ ਵਾਲੇ ਡਾ. ਹਰਦਿਆਲ ਸਿੰਘ ਸੈਂਹਬੀ ਨਾਲ ਵਿਸ਼ੇਸ਼ ਮੁਲਾਕਾਤ ਕਰਦਿਆਂ। ਉਨ੍ਹਾਂ ਦੀ ਸਿੱਖਿਆ ਤੇ ਜ਼ਿੰਦਗੀ ਬਾਰੇ ਗੱਲਬਾਤ ਕੀਤੀ।

ਡਾ. ਹਰਦਿਆਲ ਸਿੰਘ ਸੈਂਬੀ ਨੇ ਦੱਸਿਆ ਕਿ ਉਹ ਗਰੀਬ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਦੇ ਪਿਤਾ ਵੱਲੋਂ ਉਨ੍ਹਾਂ ਨੂੰ ਸਕੂਲ ਨਹੀਂ ਭੇਜਿਆ ਗਿਆ। ਫਿਰ ਉਨ੍ਹਾਂ ਤਾਏ ਦੇ ਮੁੰਡੇ ਸਕੂਲ ਲੈ ਕੇ ਜਿਥੇ ਉਨ੍ਹਾਂ ਦਾ ਟੈਸਟ ਲੈਣ ਤੋਂ ਬਾਅਦ ਸਿੱਧਾ ਪਹਿਲੀ ਜਮਾਤ 'ਚ ਦਾਖਲਾ ਮਿਲ ਗਿਆ। ਉਨ੍ਹਾਂ ਦੱਸਿਆ 1947 ਦੀ ਵੰਡ ਤੋਂ ਬਾਅਦ ਉਨ੍ਹਾਂ ਦਾ ਮੁਸਲਮਾਨ ਮਾਸਟਰ 6 ਮਹੀਨੇ ਪੜ੍ਹਾ ਕੇ ਪਾਕਿਸਤਾਨ ਚਲਾ ਗਿਆ। ਫਿਰ ਉਨ੍ਹਾਂ ਪਿੰਡ ਅਖਾੜਾ 'ਚ ਪੜ੍ਹਾਈ ਸ਼ੁਰੂ ਕੀਤੀ। ਉਨ੍ਹਾਂ ਦੱਸਿਆ ਉਹ ਸਾਈਕਲ 'ਤੇ ਹਲਵਾਰਾ ਪੜ੍ਹਾਈ ਕਰਨ ਲਈ ਜਾਂਦੇ ਸਨ। ਪੜ੍ਹਾਈ ਦਾ ਇੰਨਾ ਜਾਨੂੰਨ ਸੀ ਇਕ ਵਾਰ ਉਹ ਸਾਈਕਲ ਚਲਾ ਰਹੇ ਸਨ ਨਾਲ-ਨਾਲ ਕਿਤਾਬ ਪੜ੍ਹ ਰਹੇ ਸਨ ਤਾਂ ਉਹ ਸਾਈਕਲ ਸਮੇਤ ਨਹਿਰ 'ਚ ਡਿੱਗਣ ਲੱਗੇ ਸੀ।



ਉਨ੍ਹਾਂ ਦਾ ਮਾਸਟਰ ਬਨਣ ਦਾ ਸੁਪਣਾ ਸੀ ਪਰ ਸਕੂਲ 'ਚ ਮਾਸਟਰ ਵੱਲੋਂ ਬੱਚਿਆਂ ਦੀ ਕੁੱਟਮਾਰ ਹੁੰਦੀ ਦੇਖ ਉਨ੍ਹਾਂ ਮਨ ਬਦਲ ਲਿਆ। ਫਿਰ ਉਨ੍ਹਾਂ ਇੰਜੀਨੀਅਰ ਬਨਣ ਦਾ ਫੈਸਲਾ ਕੀਤਾ, ਜਿਸ ਕਾਰਨ ਉਨ੍ਹਾਂ ਪੰਜਾਬ ਦੀਆਂ ਯੂਨੀਵਰਸਟੀਆਂ ਨਹੀਂ ਛੱਡੀਆਂ, ਸਾਰੇ ਕੋਰਸ ਤੇ ਡਿਗਰੀਆਂ ਕਰ ਛੱਡੀਆਂ। ਇਹੀ ਨਹੀਂ ਉਨ੍ਹਾਂ ਨਾਲ ਦੇ ਲੱਗਦੇ ਸੂਬੇ ਤੋਂ ਵੀ ਕਈ ਡਿਗਰੀਆਂ ਕਰ ਲਈਆਂ। ਉਨ੍ਹਾਂ ਹੋਮੀਓਪੈਥਿਕ ਤੇ ਆਯੁਰਵੈਦਿਕ ਦੀ ਪੜ੍ਹਾਈ ਵੀ ਕੀਤੀ ਜਿਸ ਤੋਂ ਬਾਅਦ ਲੋਕਾਂ ਨੂੰ ਦਵਾਈ ਦਿੰਦੇ ਰਹੇ। ਉਨ੍ਹਾਂ ਨੇ ਐੱਮਈਐੱਸ 'ਚ ਸਰਵਿਸ ਕੀਤੀ ਤੇ ਕਰਨਲ ਲੈਵਲ ਤਕ ਰਹੇ। ਰਿਟਾਇਰ ਹੋਣ ਤੋਂ ਬਾਅਦ ਮੁੜ ਕਿਤਾਬਾਂ ਨੂੰ ਆਪਣਾ ਸਾਥੀ ਬਣਾ ਲਿਆ ਤੇ ਪੜ੍ਹਾਈ ਸ਼ੁਰੂ ਕਰ ਦਿੱਤੀ। ਕੋਰੋਨਾ ਕਾਲ 'ਚ ਲਾਕਡਾਊਨ 'ਚ ਉਨ੍ਹਾਂ ਨੇ ਇਕ ਡਿਪਲੋਮਾ ਕੀਤਾ ਹੈ। ਉਨ੍ਹਾਂ ਕਿਹਾ ਹੋਰ ਡਿਗਰੀਆਂ ਕਰਨ ਲਈ ਉਹ ਹਾਲੇ ਵੀ ਯੂਨੀਵਰਸਟੀਆਂ ਨੂੰ ਲਿਖਦੇ ਰਹਿੰਦੇ ਹਨ। ਉਨ੍ਹਾਂ ਕਿਹਾ ਪੜ੍ਹਾਈ ਕਰਨ ਦੌਰਾਨ ਉਨ੍ਹਾਂ ਦੀ ਪਤਨੀ ਦਾ ਕਾਫੀ ਸਹਿਯੋਗ ਰਿਹਾ ਹੈ। ਖੁਦ ਚਾਹੇ ਉਨ੍ਹਾਂ ਦੀ ਪਤਨੀ ਘੱਟ ਪੜ੍ਹੀ ਹੈ ਪਰ ਮੈਨੂੰ ਕਦੀ ਵੀ ਪੜ੍ਹਾਈ ਕਰਨ ਤੋਂ ਨਹੀਂ ਰੋਕਿਆ। ਉਨ੍ਹਾਂ ਖੇਤੀਬਾੜੀ ਦਾ ਵੀ ਇਕ ਡਿਪਲੋਮਾ ਕੀਤਾ ਹੈ। ਉਨ੍ਹਾਂ ਕਿਹਾ ਜਦੋਂ ਉਹ ਬੋਰ ਹੋ ਜਾਂਦੇ ਹਨ ਤਾਂ ਕਿਤਾਬ ਪੜ੍ਹਨ ਲੱਗ ਜਾਂਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਵੀ ਇਸੇ ਤਰ੍ਹਾਂ ਆਪਣੀ ਜ਼ਿੰਦਗੀ ਵਿੱਚ ਮਿਹਨਤ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਮੈਂ ਖੁਦ ਲੋਕਾਂ ਨੂੰ ਹੱਲਾਸ਼ੇਰੀ ਦੇ ਕੇ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਜੋ ਅੱਜ ਕਈ-ਕਈ ਡਿਗਰੀਆਂ ਕਰੀ ਬੈਠੇ ਹਨ। ਜੇਕਰ ਉਨ੍ਹਾਂ ਦੇ ਪਰਿਵਾਰ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਪਤਨੀ ਤੇ ਚਾਰ ਬੱਚੇ ਹਨ। ਇਨ੍ਹਾਂ 'ਚ ਇਕ ਲੜਕੀ ਤੇ ਤਿੰਨ ਲੜਕੇ ਹਨ। ਲੜਕੀ ਨੇ ਵੀ 15 ਦੇ ਕਰੀਬ ਡਿਗਰੀਆਂ ਕੀਤੀਆਂ ਹੋਈਆਂ ਹਨ। ਇਸ ਤੋਂ ਇਲਾਵਾ ਲੜਕੇ ਵੀ ਕਾਫੀ ਪੜ੍ਹੇ ਲਿਖੇ ਤੇ ਉੱਚ ਅਹੁਦਿਆਂ 'ਤੇ ਤਾਇਨਾਤ ਹਨ।

### ਆਮ ਆਦਮੀ ਪਾਰਟੀ... (ਸਫਾ 1 ਦਾ ਬਾਕੀ ਹਿੱਸਾ)

ਨਹੀਂ ਕੀਤਾ ਹੈ ਪ੍ਰੰਤੂ ਅਕਾਲੀ ਦਲ ਨੇ 'ਪੰਜਾਬ ਬਚਾਓ ਯਾਤਰਾ' ਤਹਿਤ ਚੋਣ ਮੁਹਿੰਮ ਨੂੰ ਭਖਾ ਲਿਆ ਹੈ। ਕਾਂਗਰਸ ਪਾਰਟੀ ਤਰਫੋਂ ਹਾਲੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਹਾਈਕਮਾਂਡ ਹਾਲੇ ਅਕਾਲੀ ਭਾਜਪਾ ਗੱਠਜੋੜ ਦੀ ਸੰਭਾਵਨਾ ਵੱਲ ਦੇਖ ਰਹੀ ਹੈ। ਕਾਂਗਰਸ ਦੀ ਸਕਰੀਨਿੰਗ ਕਮੇਟੀ ਨੇ ਹਰ ਹਲਕੇ ਵਿਚੋਂ ਤਿੰਨ ਤਿੰਨ ਉਮੀਦਵਾਰਾਂ ਦਾ ਪੈਨਲ ਤਿਆਰ ਕੀਤਾ ਹੈ। ਭਾਰਤੀ ਜਨਤਾ ਪਾਰਟੀ ਨੇ ਵੀ 14 ਮਾਰਚ ਨੂੰ ਦਿੱਲੀ ਵਿਖੇ ਪੰਜਾਬ ਦੇ 13 ਲੋਕ ਸਭਾ ਹਲਕਿਆਂ ਲਈ ਪ੍ਰਤੀ ਹਲਕਾ ਚਾਰ ਚਾਰ ਉਮੀਦਵਾਰਾਂ ਦਾ ਪੈਨਲ ਫਾਈਨਲ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਗੱਠਜੋੜ ਨੂੰ ਲੈ ਕੇ ਪੇਚ ਫਸਿਆ ਹੋਇਆ ਹੈ ਜਿਸ ਕਰ ਕੇ ਉਮੀਦਵਾਰਾਂ ਦਾ ਐਲਾਨ ਪੱਛੜ ਰਿਹਾ ਹੈ।

# ਹੁਣ ਗੁਰਦਾਸਪੁਰ ਦੇ ਲੋਕ ਭਾਲਦੇ ਹਨ ਸਥਾਨਕ ਆਗੂ

## ਗੁਰਦਾਸਪੁਰ ਹਲਕੇ ਦੇ ਵੋਟਰਾਂ ਵਿੱਚ ਸੰਨੀ ਦਿਓਲ ਦੀ ਖਿੱਚ ਪਾਈ ਫਿੱਕੀ

ਗੁਰਦਾਸਪੁਰ : ਲੰਮੇ ਸਮੇਂ ਤੋਂ ਫਿਲਮੀ ਦੁਨੀਆ ਦੀ ਚਕਾਚੌਂਧ ਦੇ ਦੀਵਾਨੇ ਬਣ ਕੇ ਫ਼ਿਲਮੀ ਅਦਾਕਾਰਾਂ ਨੂੰ ਜਿਤਾ ਕੇ ਲੋਕ ਸਭਾ 'ਚ ਭੇਜਦੇ ਰਹੇ ਗੁਰਦਾਸਪੁਰ ਲੋਕ ਸਭਾ ਹਲਕੇ ਦੇ ਵੋਟਰਾਂ ਨੂੰ ਸੰਨੀ ਦਿਓਲ ਦੀ ਹਲਕੇ ਤੋਂ ਦੂਰੀ ਕਾਫ਼ੀ ਰੜਕਦੀ ਰਹੀ, ਜਿਸ ਕਰਕੇ ਇਥੋਂ ਇਸ ਵਾਰ ਕਿਸੇ ਵੀ ਪਾਰਟੀ ਵਲੋਂ ਉਤਾਰੇ ਕਿਸੇ ਫ਼ਿਲਮੀ ਹਸਤੀ ਦਾ ਪਾਰ ਉਤਾਰੇ 'ਤੇ ਸਵਾਲ ਜ਼ਰੂਰ ਖੜੇ ਹੋਣਗੇ। ਲੰਘੇ ਪੰਜ ਸਾਲਾਂ ਤੋਂ ਹਲਕੇ 'ਚ ਪੈਰ ਨਾ ਪਾਉਣ ਕਰਕੇ ਇਥੋਂ ਦੇ ਵੋਟਰਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਰਿਹਾ ਹੈ ਤੇ ਉਨ੍ਹਾਂ ਨੂੰ ਉਦੋਂ ਤੋਂ ਹੀ ਪਛਤਾਉਂਦੇ ਹੋਏ ਦੇਖਿਆ ਜਾ ਸਕਦਾ ਹੈ। ਜਾਣਕਾਰੀ ਅਨੁਸਾਰ ਸੰਨੀ ਦਿਓਲ ਨੇ ਸਿਰਫ਼ ਹਲਕੇ ਤੋਂ ਦੂਰੀ ਹੀ ਨਹੀਂ ਬਣਾਈ, ਸਗੋਂ ਆਪਣੇ ਐਮ.ਪੀ. ਲੈਂਡ ਫ਼ੰਡ ਦੀ ਵਰਤੋਂ ਵੀ ਨਾ ਮਾਤਰ ਕੀਤੀ, ਜਿਸ ਕਾਰਨ ਹਰੇਕ ਸਾਲ ਹਲਕਾ ਵਿਕਾਸ ਲਈ ਮਿਲਦੀ ਵੱਡੀ ਰਕਮ ਤੋਂ ਵੀ ਵਾਂਝਾ ਰਹਿੰਦਾ ਰਿਹਾ। ਹਲਕੇ ਦੀਆਂ ਪਿਛਲੀਆਂ 10-12 ਚੋਣਾਂ 'ਤੇ ਝਾਤ ਪਾਈ ਜਾਵੇ ਤਾਂ ਇਥੋਂ ਦਿੱਲੀ ਦੇ ਸਾਬਕਾ ਪੁਲਿਸ ਕਮਿਸ਼ਨਰ ਦੀ ਪਤਨੀ ਸਵਰਗੀ ਬੀਬੀ ਸੁਖਬੰਸ ਕੌਰ ਭਿੰਡਰ ਨੇ ਕਾਂਗਰਸੀ ਉਮੀਦਵਾਰ ਵਜੋਂ ਪੰਜ (1980 ਤੋਂ 1996) ਚੋਣਾਂ ਲਗਾਤਾਰ ਜਿੱਤੀਆਂ। ਬੇਸ਼ੱਕ ਉਨ੍ਹਾਂ ਦਾ ਪੱਕਾ ਨਿਵਾਸ ਦਿੱਲੀ ਸੀ ਪਰ ਉਹ ਹਲਕੇ ਦੇ ਲੋਕਾਂ ਨਾਲ ਜੁੜੇ ਰਹਿੰਦੇ ਸੀ। ਇਹੀ ਕਾਰਨ ਸੀ ਕਿ ਕਦੇ ਦਿੱਲੀ ਪੁਲਿਸ ਦੇ ਹਰੇਕ 10 ਮੁਲਾਜ਼ਮਾਂ 'ਚੋਂ ਚਾਰ ਉਨ੍ਹਾਂ ਦੇ ਪਤੀ ਵਲੋਂ ਭਰਤੀ ਕੀਤੇ ਗਏ ਗੁਰਦਾਸਪੁਰ ਦੀ ਪਿੱਠ



ਭੂਮੀ ਵਾਲੇ ਹੁੰਦੇ ਸਨ। 1952 ਤੋਂ 1996 ਤੱਕ ਇਹ ਸੀਟ ਕਾਂਗਰਸ ਦੀ ਝੋਲੀ ਪੈਂਦੀ ਰਹੀ। ਸਿਰਫ਼ ਕਾਂਗਰਸ ਵਿਰੋਧੀ ਹਨੇਰੀ ਮੌਕੇ 1977 'ਚ ਇਥੋਂ ਜਨਤਾ ਪਾਰਟੀ ਦੇ ਯੱਗ ਦੱਤ ਸ਼ਰਮਾ ਜਿੱਤੇ ਸਨ। 1998 'ਚ ਭਾਜਪਾ ਵਲੋਂ ਵਿਨੋਦ ਖੰਨਾ ਨੂੰ ਉਤਾਰਿਆ ਗਿਆ, ਜਿਨ੍ਹਾਂ ਨੇ (1998, 1999- 2004) ਜਿੱਤ ਹਾਸਲ ਕੀਤੀ ਅਤੇ ਹਲਕੇ ਦੇ ਕੁਝ ਕੰਮ ਵੀ ਕਰਵਾਏ। 2009 'ਚ ਇਥੋਂ ਪ੍ਰਤਾਪ ਸਿੰਘ ਬਾਜਵਾ ਨੇ ਜਿੱਤ ਹਾਸਲ ਕਰਕੇ ਸੀਟ ਕਾਂਗਰਸ ਦੀ ਝੋਲੀ ਪਾਈ ਪਰ 2014 'ਚ ਵੋਟਰਾਂ 'ਤੇ 'ਗਲੈਮਰ' ਹਾਵੀ ਹੋਇਆ ਤੇ ਵਿਨੋਦ ਖੰਨਾ ਦੀ ਝੋਲੀ ਚੌਥੀ ਜਿੱਤ ਪੈ ਗਈ। ਵਿਨੋਦ ਖੰਨਾ ਦੀ ਮੌਤ ਕਾਰਨ 2017 'ਚ ਹੋਈ ਮੱਧਕਾਲੀ ਚੋਣ ਵਿਚ ਸੁਨੀਲ ਜਾਖੜ ਨੇ ਸੀਟ ਫਿਰ ਕਾਂਗਰਸ ਦੀ ਝੋਲੀ ਪਾ ਦਿੱਤੀ ਪਰ 2019 'ਚ ਲੋਕਾਂ ਦੀ 'ਗਲੈਮਰ' ਖਿੱਚ ਦਾ ਫ਼ਾਇਦਾ ਲੈਣ ਲਈ ਭਾਜਪਾ ਵਲੋਂ ਸੰਨੀ ਦਿਓਲ ਨੂੰ ਉਤਾਰਿਆ ਗਿਆ, ਸੰਨੀ ਦਿਓਲ ਨੇ ਸੀਟ ਤਾਂ ਜਿੱਤ ਲਈ ਪਰ ਬਾਅਦ ਵਿਚ ਹਲਕੇ 'ਚ ਪੈਰ ਨਾ ਪਾਇਆ। ਬੇਸ਼ੱਕ 2019 ਵਿਚ ਆਮ ਆਦਮੀ ਪਾਰਟੀ ਦਾ ਉਮੀਦਵਾਰ ਤੀਜੇ ਨੰਬਰ 'ਤੇ ਰਿਹਾ ਸੀ ਪਰ ਇਸ ਵਾਰ ਸੂਬੇ ਵਿਚ ਇਸੇ ਪਾਰਟੀ ਦੀ ਸਰਕਾਰ ਹੋਣ ਅਤੇ ਭਾਜਪਾ/ਅਕਾਲੀ ਦਲ ਗੱਠਜੜ ਟੁੱਟ ਜਾਣ ਕਾਰਨ ਸਿਆਸੀ ਸਮੀਕਰਨ ਪਹਿਲਾਂ ਤੋਂ ਕਾਫ਼ੀ ਵੱਖਰੇ ਹੋਣਗੇ।

ਪਾਰਟੀਆਂ ਵਲੋਂ ਉਮੀਦਵਾਰਾਂ ਦਾ ਐਲਾਨ ਅਜੇ ਕੀਤਾ ਜਾਣਾ ਹੈ ਪਰ ਲੋਕ ਚਰਚਾ ਵੀ ਹੈ ਕਿ ਇਸ ਵਾਰ ਉਮੀਦਵਾਰਾਂ ਦੇ ਨਾਂਅ ਦੀ ਥਾਂ ਪਾਰਟੀਆਂ ਦਾ ਲੋਕ ਅਧਾਰ ਵੀ ਵੱਖਰੇ ਰੰਗ ਵਿਖਾਏਗਾ।)

## ਚੋਣ ਕਮਿਸ਼ਨਰ ਵੱਲੋਂ ਪੰਜਾਬ ਦੇ 13 ਲੋਕ ਸਭਾ ਹਲਕਿਆਂ ਵੋਟਰ ਵੇਰਵੇ ਜਾਰੀ

ਚੰਡੀਗੜ੍ਹ : ਪਹਿਚਾਣ ਪੰਜਾਬੀ ਬਿਊਰੋ) ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ 13 ਲੋਕ ਸਭਾ ਸੀਟਾਂ ਲਈ ਪੋਲਿੰਗ ਸਟੇਸ਼ਨਾਂ ਅਤੇ ਵੋਟਰਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ 'ਚ 2 ਕਰੋੜ 12 ਲੱਖ 71 ਹਜ਼ਾਰ 246 ਵੋਟਰ ਹਨ। ਇਨ੍ਹਾਂ 'ਚ 1 ਕਰੋੜ 77 ਹਜ਼ਾਰ 43 ਔਰਤਾਂ ਅਤੇ 744 ਟਰਾਂਸਜੈਂਡਰ ਵੋਟਰ ਹਨ। ਇਸੇ ਤਰ੍ਹਾਂ 13 ਸੀਟਾਂ ਲਈ ਕੁੱਲ 24,433 ਪੋਲਿੰਗ ਸਟੇਸ਼ਨ ਸਥਾਪਤ ਕੀਤੇ ਗਏ ਹਨ।

**ਗੁਰਦਾਸਪੁਰ ਲੋਕ ਸਭਾ ਸੀਟ :** ਪੋਲਿੰਗ ਸਟੇਸ਼ਨ 1895, ਵੋਟਰ 15 ਲੱਖ 95,300, ਔਰਤਾਂ 7 ਲੱਖ 50 ਹਜ਼ਾਰ 965 ਤੇ 36 ਟਰਾਂਸਜੈਂਡਰ।

**ਅੰਮ੍ਰਿਤਸਰ ਲੋਕ ਸਭਾ ਸੀਟ :** ਪੋਲਿੰਗ ਸਟੇਸ਼ਨ 1676, ਵੋਟਰ 15 ਲੱਖ 93 ਹਜ਼ਾਰ 146, ਔਰਤਾਂ 7 ਲੱਖ 56 ਹਜ਼ਾਰ 820 ਤੇ 60 ਵੋਟਰ ਟਰਾਂਸਜੈਂਡਰ ਹਨ।

**ਖਡੂਰ ਸਾਹਿਬ ਲੋਕ ਸਭਾ ਸੀਟ :** ਪੋਲਿੰਗ ਸਟੇਸ਼ਨ 1974 ਵੋਟਰ 16 ਲੱਖ 55 ਹਜ਼ਾਰ 168, ਔਰਤਾਂ 7 ਲੱਖ 85 ਹਜ਼ਾਰ 67 ਤੇ 64 ਟਰਾਂਸਜੈਂਡਰ ਹਨ।

**ਜਲੰਧਰ (ਰਾਖਵੀਂ) ਲੋਕ ਸਭਾ ਸੀਟ :** ਪੋਲਿੰਗ ਸਟੇਸ਼ਨ 1951, ਵੋਟਰ 16 ਲੱਖ 41 ਹਜ਼ਾਰ 872, ਔਰਤਾਂ 7 ਲੱਖ 87 ਹਜ਼ਾਰ 781 ਤੇ 43 ਵੋਟਰ ਟਰਾਂਸਜੈਂਡਰ ਹਨ।

**ਹੁਸ਼ਿਆਰਪੁਰ (ਰਾਖਵੀਂ) ਲੋਕ ਸਭਾ ਸੀਟ :** ਪੋਲਿੰਗ ਸਟੇਸ਼ਨ 1963 ਵੋਟਰ 15 ਲੱਖ 93 ਹਜ਼ਾਰ 18, ਔਰਤਾਂ 7 ਲੱਖ 66 ਹਜ਼ਾਰ 296 ਤੇ 43 ਵੋਟਰ ਟਰਾਂਸਜੈਂਡਰ ਹਨ।

***ਅਨੰਦਪੁਰ ਸਾਹਿਬ ਲੋਕ ਸਭਾ ਸੀਟ :*** ਪੋਲਿੰਗ ਸਟੇਸ਼ਨ 2066, ਵੋਟਰ 17 ਲੱਖ 11 ਹਜ਼ਾਰ 255, ਔਰਤਾਂ 8 ਲੱਖ 17 ਹਜ਼ਾਰ 627 ਤੇ 61 ਵੋਟਰ ਟਰਾਂਸਜੈਂਡਰ ਹਨ।

**ਲੁਧਿਆਣਾ ਲੋਕ ਸਭਾ ਸੀਟ :** ਪੋਲਿੰਗ ਸਟੇਸ਼ਨ 1842, ਵੋਟਰ 17 ਲੱਖ 28 ਹਜ਼ਾਰ 619, ਔਰਤਾਂ 8 ਲੱਖ 6 ਹਜ਼ਾਰ 484 ਤੇ 130 ਵੋਟਰ ਟਰਾਂਸਜੈਂਡਰ ਹਨ।

**ਫ਼ਤਹਿਗੜ੍ਹ ਸਾਹਿਬ (ਰਾਖਵੀਂ) ਲੋਕ ਸਭਾ ਸੀਟ :** ਪੋਲਿੰਗ ਸਟੇਸ਼ਨ 1820 ਵੋਟਰ 15 ਲੱਖ 39 ਹਜ਼ਾਰ 155, ਔਰਤਾਂ 7 ਲੱਖ 22 ਹਜ਼ਾਰ 353 ਤੇ 27 ਵੋਟਰ ਟਰਾਂਸਜੈਂਡਰ ਹਨ।

**ਫਰੀਦਕੋਟ (ਰਾਖਵੀਂ) ਲੋਕ ਸਭਾ ਸੀਟ :** ਪੋਲਿੰਗ ਸਟੇਸ਼ਨ 1686, ਵੋਟਰ 15 ਲੱਖ 78 ਹਜ਼ਾਰ 937, ਔਰਤਾਂ 7 ਲੱਖ 44 ਹਜ਼ਾਰ 363 ਤੇ 81 ਵੋਟਰ ਟਰਾਂਸਜੈਂਡਰ ਹਨ।

**ਫ਼ਿਰੋਜ਼ਪੁਰ ਲੋਕ ਸਭਾ ਸੀਟ :** ਪੋਲਿੰਗ ਸਟੇਸ਼ਨ 1902 ਵੋਟਰ 16,57131, ਔਰਤਾਂ 783402 ਤੇ 45 ਵੋਟਰ ਟਰਾਂਸਜੈਂਡਰ ਹਨ।

**ਬਠਿੰਡਾ ਲੋਕ ਸਭਾ ਸੀਟ :** ਕੁੱਲ ਪੋਲਿੰਗ ਸਟੇਸ਼ਨ 1814 ਵੋਟਰ 16 ਲੱਖ 38 ਹਜ਼ਾਰ 881, ਔਰਤਾਂ 7 ਲੱਖ 74 ਹਜ਼ਾਰ 860 ਤੇ 32 ਵੋਟਰ ਟਰਾਂਸਜੈਂਡਰ ਹਨ।

**ਸੰਗਰੂਰ ਲੋਕ ਸਭਾ ਸੀਟ :** ਪੋਲਿੰਗ ਸਟੇਸ਼ਨ 1765, ਵੋਟਰ 15 ਲੱਖ 50 ਹਜ਼ਾਰ 17, ਔਰਤਾਂ 7 ਲੱਖ 29 ਹਜ਼ਾਰ 92 ਤੇ 46 ਟਰਾਂਸਜੈਂਡਰ ਹਨ।

**ਪਟਿਆਲਾ ਲੋਕ ਸਭਾ ਸੀਟ :** ਪੋਲਿੰਗ ਸਟੇਸ਼ਨ 2077, ਕੁੱਲ ਵੋਟਰ 17 ਲੱਖ 87 ਹਜ਼ਾਰ 747, ਔਰਤਾਂ 8 ਲੱਖ 52 ਹਜ਼ਾਰ 433 ਤੇ 76 ਵੋਟਰ ਟਰਾਂਸਜੈਂਡਰ ਹਨ।

## ਮੈਂ ਨਹੀਂ ਲੜਾਂਗਾ ਲੋਕ ਸਭਾ ਚੋਣ : ਨਵਜੋਤ ਸਿੱਧੂ



ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨੇ ਪੰਜਾਬ 'ਚ ਹੋਏ ਘਪਲਿਆਂ ਦੀ ਸੀ.ਬੀ.ਆਈ. ਜਾਂਚ ਅਤੇ ਬਜਟ ਦੇ ਆਡਿਟ ਦੀ ਮੰਗ ਕੀਤੀ।

ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਸੂਬੇ ਨੂੰ ਕਰਜ਼ਾਈ ਕਰ ਦਿੱਤਾ। ਹੈ। ਇਸ ਕਾਰਨ ਆਮ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਮੈਂ ਲੋਕ ਸਭਾ 'ਚ ਨਹੀਂ ਜਾਣਾ ਚਾਹੁੰਦਾ। ਉਨ੍ਹਾਂ ਕਿਹਾ ਕਿ 4-5 ਸਾਲ ਪਹਿਲਾਂ ਉਨ੍ਹਾਂ ਨੇ ਰਾਜ ਸਭਾ ਛੱਡ ਦਿੱਤੀ ਸੀ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਚੋਣ ਲੜਨੀ ਹੁੰਦੀ ਤਾਂ ਉਹ ਕੁਰੂਕਸ਼ੇਤਰ ਤੋਂ ਪਹਿਲਾਂ ਹੀ ਚੋਣ ਲੜ ਲੈਂਦੇ ਤੇ ਅੱਜ ਮੰਤਰੀ ਹੁੰਦੇ। ਟਿਕਟ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਪਹਿਲਾਂ ਫ਼ਤਹਿਗੜ੍ਹ ਸਾਹਿਬ ਤੋਂ ਗੁਰਪ੍ਰੀਤ ਸਿੰਘ ਜੀ.ਪੀ. ਤੇ ਹੁਣ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ 'ਤੇ ਉਨ੍ਹਾਂ ਕਿਹਾ ਕਿ ਔਖੇ ਸਮੇਂ 'ਚ ਹੀ ਵਿਅਕਤੀ ਦਾ ਕਿਰਦਾਰ ਸਾਹਮਣੇ ਆਉਂਦਾ ਹੈ। ਉਨ੍ਹਾਂ ਕਿਹਾ ਕਿ 'ਕੁਛ ਤੋ ਮਜਬੂਰੀਆਂ ਰਹੀਂ ਹੋਂਗੀ ਯੂ ਹੀ ਤੋ ਕੋਈ ਬੇਵਫ਼ਾ ਨਹੀਂ ਹੋਤਾ। ਇਸ ਮੌਕੇ ਉਨ੍ਹਾਂ ਨਾਲ ਕਾਂਗਰਸ ਦੇ ਸੀਨੀਅਰ ਆਗੂ ਸ਼ਮਸ਼ੇਰ ਸਿੰਘ ਦੂਲੋ ਮਹਿੰਦਰ ਸਿੰਘ ਕੇਪੀ ਅਤੇ ਲਾਲ ਸਿੰਘ ਸ਼ਾਮਿਲ ਸਨ।

## ਤਿੰਨ ਨਵੇਂ ਫੌਜਦਾਰੀ ਕਾਨੂੰਨ 1 ਜੁਲਾਈ ਤੋਂ ਲਾਗੂ ਹੋਣਗੇ

### ਹਿੱਟ ਐਂਡ ਰਨ ਨਾਲ ਸਬੰਧਤ ਧਾਰਾ ਨੂੰ ਫਿਲਹਾਲ ਬਾਹਰ ਰੱਖਿਆ



ਨਵੀਂ ਦਿੱਲੀ : ਪਹਿਚਾਣ ਬਿਊਰੋ) ਦੇਸ਼ ਵਿੱਚ ਫੌਜਦਾਰੀ ਨਿਆਂ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਬਦਲਣ ਲਈ ਨੋਟੀਫਾਈ ਕੀਤੇ ਗਏ ਤਿੰਨ ਨਵੇਂ ਕਾਨੂੰਨ ਭਾਰਤੀ ਨਿਆਏ ਸੰਹਿਤਾ, ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਭਾਰਤੀ ਸਾਕਸ਼ਯ ਐਕਟ ਪਹਿਲੀ ਜੁਲਾਈ ਤੋਂ ਲਾਗੂ ਹੋਣਗੇ। ਤਿੰਨੇ ਕਾਨੂੰਨਾਂ ਨੂੰ ਪਿਛਲੇ ਸਾਲ 21 ਦਸੰਬਰ ਨੂੰ ਸੰਸਦ ਤੋਂ ਪ੍ਰਵਾਨਗੀ ਮਿਲ ਗਈ ਸੀ ਅਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ 25 ਦਸੰਬਰ ਨੂੰ ਇਨ੍ਹਾਂ ਕਾਨੂੰਨਾਂ ਨੂੰ ਆਪਣੀ ਸਹਿਮਤੀ ਦੇ ਦਿੱਤੀ ਸੀ।

ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨਾਂ ਅਨੁਸਾਰ ਨਵੇਂ ਕਾਨੂੰਨ ਇੱਕ ਜੁਲਾਈ ਤੋਂ ਲਾਗੂ ਹੋਣਗੇ। ਇਹ ਕਾਨੂੰਨ ਬਸਤੀਵਾਦੀ ਯੁਗ ਦੇ ਇੰਡੀਅਨ ਪੀਨਲ ਕੋਡ, ਕੋਡ ਆਫ ਕਰਿਮੀਨਲ ਪ੍ਰੋਸੀਜ਼ਰ ਅਤੇ ਇੰਡੀਅਨ ਐਵੀਡੈਂਸ ਐਕਟ ਦੀ ਥਾਂ ਲੈਣਗੇ। ਤਿੰਨੇ ਕਾਨੂੰਨਾਂ ਦਾ ਮਕਸਦ ਵੱਖ ਵੱਖ ਅਪਰਾਧਾਂ ਨੂੰ ਪਰਿਭਾਸ਼ਤ ਕਰਕੇ ਉਨ੍ਹਾਂ ਲਈ ਸਜ਼ਾ ਤੈਅ ਕਰਨਾ ਅਤੇ ਦੇਸ਼ 'ਚ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਬਦਲਣਾ ਹੈ। ਕੇਂਦਰ ਸਰਕਾਰ ਨੇ ਹਾਲਾਂਕਿ ਟਰੱਕ ਡਰਾਈਵਰਾਂ ਨਾਲ ਕੀਤੇ ਵਾਅਦੇ ਮੁਤਾਬਕ ਹਿਟ ਐਂਡ ਰਨ ਦੇ ਕੇਸਾਂ ਨਾਲ ਸਬੰਧਤ ਕਾਨੂੰਨ ਲਾਗੂ ਨਾ ਕਰਨ ਦਾ ਫ਼ੈਸਲਾ ਲਿਆ ਹੈ। ਟਰੱਕ ਚਾਲਕਾਂ ਨੇ ਇਸ ਕਾਨੂੰਨ ਖ਼ਿਲਾਫ਼ ਰੋਸ ਮੁਜ਼ਾਹਰੇ ਇਸ ਸਬੰਧੀ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ, 'ਭਾਰਤੀ ਨਿਆਏ ਸੰਹਿਤਾ, 2023 ਦੀ ਧਾਰਾ 1 ਦੀ ਉਪ ਧਾਰਾ (2) ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕੇਂਦਰ ਸਰਕਾਰ ਇੱਕ ਜੁਲਾਈ, 2024 ਨੂੰ ਉਸ ਤਾਰੀਕ ਵਜੋਂ ਚੁਣਦੀ ਹੈ ਜਿਸ ਦਿਨ ਧਾਰਾ 106 ਦੀ ਉਪ ਧਾਰਾ (2) ਦੀਆਂ ਮੱਦਾਂ ਨੂੰ ਛੱਡ ਕੇ ਉਪਰੋਕਤ ਸੰਹਿਤਾ ਦੀਆਂ ਮੱਦਾਂ ਲਾਗੂ ਹੋਣਗੀਆਂ। ਇਸ ਕਾਨੂੰਨ ਦੀਆਂ ਮੱਦਾਂ ਸਾਹਮਣੇ ਆਉਣ ਤੋਂ ਬਾਅਦ ਟਰੱਕ ਚਾਲਕਾਂ ਨੇ ਧਾਰਾ 106 (2) ਦੀ ਮੱਦ ਦਾ ਵਿਰੋਧ ਕੀਤਾ ਸੀ। ਇਸ ਵਿੱਚ ਉਨ੍ਹਾਂ ਲੋਕਾਂ ਨੂੰ 10 ਸਾਲ ਦੀ ਕੈਦ ਦੀ ਕੈਦ ਤੇ ਜੁਰਮਾਨੇ ਦੀ ਵਿਵਸਥਾ ਹੈ ਜੋ ਤੇਜ਼ ਗਤੀ ਤੇ ਲਾਪ੍ਰਵਾਹੀ ਨਾਲ ਵਾਹਨ ਚਲਾ ਕੇ ਕਿਸੇ ਵਿਅਕਤੀ ਦੀ ਮੌਤ ਦਾ ਕਾਰਨ ਬਣਦੇ ਹਨ ਅਤੇ ਘਟਨਾ ਬਾਰੇ ਪੁਲੀਸ ਨੂੰ ਸੂਚਨਾ ਦਿੱਤੇ ਬਿਨਾਂ ਫਰਾਰ ਹੋ ਜਾਂਦੇ ਹਨ।

## ਸਾਲ 2017 ਤੋਂ 2022 ਦਰਮਿਆਨ ਹਿਰਾਸਤ 'ਚ ਜਬਰ-ਜਨਾਹ ਦੇ 275 ਕੇਸ ਦਰਜ ਹੋਏ

### ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਵਿੱਚ ਹੋਇਆ ਖੁਲਾਸਾ



ਨਵੀਂ ਦਿੱਲੀ (ਪਹਿਚਾਣ ਪੰਜਾਬੀ) ਕੌਮੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਦੇ ਅੰਕੜਿਆਂ ਮੁਤਾਬਕ 2017 ਤੋਂ 2022 ਤੱਕ ਹਿਰਾਸਤ ਵਿੱਚ ਜਬਰ-ਜਨਾਹ ਦੇ 270 ਤੋਂ ਵੱਧ ਕੇਸ ਦਰਜ ਕੀਤੇ ਗਏ। ਮਹਿਲਾ ਅਧਿਕਾਰ ਕਾਰਕੁਨਾਂ ਨੇ ਇਨ੍ਹਾਂ ਘਟਨਾਵਾਂ ਲਈ ਕਨੂੰਨ ਲਾਗੂ ਕਰਨ ਵਾਲੀਆਂ ਪ੍ਰਣਾਲੀਆਂ ਵਿੱਚ ਸੰਵੇਦਨਸ਼ੀਲਤਾ ਅਤੇ ਜਵਾਬਦੇਹੀ ਦੀ ਘਾਟ ਨੂੰ ਜ਼ਿੰਮੇਵਾਰ ਦੱਸਿਆ ਹੈ। ਐੱਨਸੀਆਰਬੀ ਦੇ ਅੰਕੜਿਆਂ ਮੁਤਾਬਕ, ਅਪਰਾਧੀਆਂ ਵਿੱਚ ਪੁਲੀਸ ਮੁਲਾਜ਼ਮ, ਹੋਰ ਸਰਕਾਰੀ ਨੌਕਰ, ਹਥਿਆਬੰਦ ਬਲਾਂ ਦੇ ਮੈਂਬਰ ਅਤੇ ਜਿਲ੍ਹਾ, ਸੁਧਾਰ ਘਰਾਂ, ਹਿਰਾਸਤ ਵਾਲੀਆਂ ਥਾਵਾਂ ਤੇ ਹਸਪਤਾਲਾਂ ਦੇ ਮੁਲਾਜ਼ਮ ਸ਼ਾਮਲ ਹਨ।

ਅੰਕੜਿਆਂ ਮੁਤਾਬਕ, 2017 ਵਿੱਚ 89 ਕੇਸ ਦਰਜ ਕੀਤੇ ਗਏ ਸਨ ਜੋ ਕਿ 2018 ਵਿੱਚ ਘੱਟ ਕੇ 60, 2019 ਵਿੱਚ 47, 2020 ਵਿੱਚ 29, 2021 ਵਿੱਚ 26, 2022 ਵਿੱਚ ਘੱਟ ਕੇ 24 ਮਾਮਲੇ ਰਹਿ ਗਏ ਸਨ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਅਜਿਹੇ ਮਾਮਲਿਆਂ 'ਚ ਹੌਲੀ-ਹੌਲੀ ਕਮੀ ਆਈ ਹੈ। ਹਿਰਾਸਤ ਵਿੱਚ ਜਬਰ-ਜਨਾਹ ਦੇ ਮਾਮਲੇ ਆਈਪੀਸੀ ਦੀ ਧਾਰਾ 376(2) ਤਹਿਤ ਦਰਜ ਕੀਤੇ ਜਾਂਦੇ ਹਨ। ਸਾਲ 2017 ਦੇ ਬਾਅਦ ਤੋਂ ਹਿਰਾਸਤ 'ਚ ਜਬਰ- ਜਨਾਹ ਦੇ ਦਰਜ ਕੀਤੇ ਗਏ 275 ਮਾਮਲਿਆਂ 'ਚੋਂ ਸਭ ਤੋਂ ਵੱਧ 92 ਮਾਮਲੇ ਉੱਤਰ ਪ੍ਰਦੇਸ਼ ਵਿੱਚ ਦਰਜ ਕੀਤੇ ਗਏ। ਇਸ ਤੋਂ ਬਾਅਦ 43 ਮਾਮਲਿਆਂ ਦੇ ਨਾਲ ਮੱਧ ਪ੍ਰਦੇਸ਼ ਦੂਜੇ ਸਥਾਨ 'ਤੇ ਰਿਹਾ। ਪਾਪੂਲੇਸ਼ਨ ਫਾਊਂਡੇਸ਼ਨ ਆਫ ਇੰਡੀਆ ਦੀ ਕਾਰਜਕਾਰੀ ਨਿਰਦੇਸ਼ਕ ਪੂਨਮ ਮੁਤਰੇਜਾ ਨੇ ਕਿਹਾ, "ਹਿਰਾਸਤੀ ਵਿਵਸਥਾ ਦੁਰਵਿਹਾਰ ਲਈ ਅਜਿਹੇ ਮੌਕੇ ਮੁਹੱਈਆ ਕਰਦੀ ਹੈ ਜਿੱਥੇ ਸਰਕਾਰੀ ਮੁਲਾਜ਼ਮ ਅਕਸਰ ਆਪਣੀ ਸ਼ਕਤੀ ਦਾ ਇਸਤੇਮਾਲ ਸਰੀਰਕ ਇੱਛਾਵਾਂ ਪੂਰੀਆਂ 7 ਕਰਨ ਲਈ ਕਰਦੇ ਹਨ।"

## ਮੈਡੀਕਲ ਦਾਖਲਾ ਪ੍ਰੀਖਿਆ 5 ਮਈ ਨੂੰ

ਨਵੀਂ ਦਿੱਲੀ: ਮੈਡੀਕਲ ਲਈ ਰਾਸ਼ਟਰੀ ਯੋਗਤਾ ਕਮ ਦਾਖਲਾ ਪ੍ਰੀਖਿਆ (ਨੀਟ-ਯੂ.ਜੀ) 5 ਮਈ ਨੂੰ 14 ਵਿਦੇਸ਼ੀ ਸ਼ਹਿਰਾਂ ਦੇ ਪ੍ਰੀਖਿਆ ਕੇਂਦਰਾਂ 'ਚ ਕਰਵਾਈ ਜਾਵੇਗੀ। ਨੈਸ਼ਨਲ ਟੈਸਟਿੰਗ ਏਜੰਸੀ ਨੇ ਇਸ ਦਾ ਐਲਾਨ ਕੀਤਾ।

ਜਿਨ੍ਹਾਂ 14 ਵਿਦੇਸ਼ੀ ਸ਼ਹਿਰਾਂ ਵਿੱਚ ਇਹ ਪ੍ਰੀਖਿਆ ਹੋਵੇਗੀ, ਉਨ੍ਹਾਂ 'ਚ ਦੁਬਈ, ਆਬੂ ਧਾਬੀ, ਸ਼ਾਰਜਾਹ, ਕੁਵੈਤ ਸਿਟੀ, ਬੈਂਕਾਕ, ਕੋਲੰਬੋ, ਦੋਹਾ, ਕਾਠਮੰਡ, ਕੁਆਲਾਲੰਪੁਰ, ਲਾਗੋਸ, ਮਨਾਮਾ, ਮਸਕਟ, ਰਿਆਦ ਅਤੇ ਸਿੰਗਾਪੁਰ ਸ਼ਾਮਲ ਹਨ। ਇਹ ਪ੍ਰੀਖਿਆ ਪੂਰੇ ਭਾਰਤ ਵਿੱਚ ਵੀ 554 ਕੇਂਦਰਾਂ 'ਤੇ ਕਰਵਾਈ ਜਾਵੇਗੀ।

## ਸੰਪਾਦਕੀ

# ਚੋਣਾਂ ਸਿਰ 'ਤੇ ਹਨ... ਲੀਡਰ ਵੋਟਰਾਂ ਦੇ ਪੈਰਾਂ 'ਚ ਹਨ



ਸਾਡੇ ਸੰਵਿਧਾਨ ਨੇ ਸਾਨੂੰ ਸਭ ਤੋਂ ਵੱਡਾ ਅਧਿਕਾਰ ਵੋਟ ਦਾ ਦਿੱਤਾ ਹੈ। ਇਸ ਵੋਟ ਦੀ ਤਾਕਤ ਨਾਲ ਅਸੀਂ ਕਿਸੇ ਨੂੰ ਵੀ ਸਿਆਸੀ ਤਾਕਤ ਬਖਸ਼ ਵੀ ਸਕਦੇ ਹਾਂ ਤੇ ਤਖ਼ਤਾ ਪਲਟਾ ਵੀ ਸਕਦੇ ਹਾਂ। ਹੁਣ ਮੁੜ ਭਾਰਤ ਨੇ ਚੋਣਾਂ ਦੇ ਬੁਖਾਰ ਨਾਲ ਹੂੰਗਣਾ ਸ਼ੁਰੂ ਕਰ ਦਿੱਤਾ ਹੈ, ਭਾਰਤ ਵਿੱਚ ਆਮ ਚੋਣਾਂ ਹੋਣ ਜਾ ਰਹੀਆਂ ਹਨ। ਸਾਰੀਆਂ ਸਿਆਸੀ ਧਿਰਾਂ ਲੋਕਾਂ ਦੇ ਦਰਾਂ 'ਤੇ ਭਲਵਾਨੀ ਗੇੜੇ ਮਾਰਨ ਲੱਗ ਪਈਆਂ ਹਨ। 2024 ਲਈ ਚੋਣ ਦੰਗਲ ਭਖ਼ਿਆ ਪਿਆ ਹੈ।

ਸਿਆਸੀ ਤੌਰ ਤੇ ਸਭ ਆਗੂ ਹੁਣ ਅਕਾਸ਼ੋਂ ਉੱਤਰ ਕੇ ਜ਼ਮੀਨੀ ਪੱਧਰ 'ਤੇ ਲੋਕਾਂ ਵਿੱਚ ਵਿਚਰਨ ਲੱਗ ਪਏ ਹਨ। ਸਾਰੀਆਂ ਸਿਆਸੀ ਧਿਰਾਂ ਚਾਹੁੰਦੀਆਂ ਹਨ ਕਿ ਟੀਸੀ ਵਾਲਾ ਬੇਰ ਉਨ੍ਹਾਂ ਦੀ ਹੀ ਝੋਲੀ ਵਿੱਚ ਡਿੱਗੇ। ਇਸ ਲਈ ਸਭ ਸਿਆਸੀ ਧਿਰਾਂ ਜੋੜ ਤੋੜ ਦੀ ਨੀਤੀ ਦੇ ਨਾਲ ਨਾਲ 2024 ਦਾ ਚੋਣ ਦੰਗਲ ਜਿੱਤਣ ਲਈ 'ਦਾਮ-ਦੰਡ-ਭੇਦ' ਦੀ ਰਾਜਨੀਤੀ ਨਾਲ ਲੱਗੀਆਂ ਹੋਈਆਂ ਹਨ, ਬਹੁਮਤ ਦਾ ਅੰਕੜਾ ਪਾਰ ਕਰਨ ਲਈ ਸਭ ਪਸੀਨੋ ਪਸੀਨੀ ਹੋਏ ਫਿਰਦੇ ਹਨ।

ਭਾਰਤੀ ਚੋਣ ਕਮਿਸ਼ਨ ਇਨ੍ਹਾਂ ਚੋਣਾਂ ਨੂੰ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਲਗਾਤਾਰ ਆਮ ਲੋਕਾਂ, ਚੋਣ ਅਮਲੇ ਤੇ ਸਿਆਸਤਦਾਨਾਂ ਦੇ ਨਾਲ ਸੰਪਰਕ ਬਣਾ ਰਿਹਾ ਹੈ। 2024 ਦੀਆਂ ਆਮ ਚੋਣ ਦੇ ਅੰਦਰ ਹੁਣ ਦੇਖਣਾ ਇਹ ਹੋਵੇਗਾ ਕਿ ਰਾਜਨੀਤੀ ਮੁੱਦਿਆਂ ਦੀ ਹੋਵੇਗੀ ਜਾਂ ਇੱਕ ਦੂਸਰੇ 'ਤੇ ਦੂਸ਼ਣਬਾਜ਼ੀ ਦੀ?

ਸਾਡੇ ਲੋਕ ਜਾਂ ਕਹਿ ਲਓ ਵੋਟਰ ਵੀ ਹੁਣ ਆਪਣਾ ਦਿਮਾਗ ਤੇ ਅੱਖਾਂ ਖੁੱਲ੍ਹੀਆਂ ਰੱਖਣ, ਕਿਉਂਕਿ ਇਹ ਵਕਤ ਸੋਚ ਸਮਝ ਕੇ ਇੱਕ ਵੱਡਾ ਫੈਸਲਾ ਲੈਣ ਦਾ ਹੈ। ਸਾਨੂੰ ਇਸ ਵੇਲੇ ਪੂਰੀ ਤਰ੍ਹਾਂ ਨਾਲ ਸੁਚੇਤ ਤੇ ਜਾਗਰੂਕ ਹੋ ਕੇ ਬਿਨਾਂ ਕਿਸੇ ਡਰ ਭੈਅ ਜਾਂ ਲਾਲਚ ਦੇ ਆਪਣਾ ਮੱਤ ਦਾਨ ਕਰਨਾ ਚਾਹੀਦਾ ਹੈ ਤਾਂ ਕਿ ਸਾਡੇ ਚੁਣੇ ਹੋਏ ਆਗੂ ਵੀ ਜਨਹਿੱਤ ਲਈ ਨਿਰਭੈ ਤੇ ਨਿਰਵੈਰ ਹੋ ਕੇ ਵਿਕਾਸ ਤੇ ਸਾਂਝੀਵਾਲਤਾ ਲਈ ਕੰਮ ਕਰਨ।

ਇਸ ਵੇਲੇ ਤਮਾਮ ਲੀਡਰ ਲੋਕਾਂ ਦੇ ਦੁਆਰ 'ਤੇ ਹਨ। ਹੱਥ ਜੋੜਨ ਤੇ ਮਿੰਨਤਾਂ ਦਾ ਦੌਰ ਚੱਲ ਰਿਹਾ ਹੈ। ਪਰ ਸਾਨੂੰ ਸੁਚੇਤ ਹੋਣਾ ਪਵੇਗਾ ਕਿ ਭਰਮਾਊ ਤੇ ਫੁੱਟ ਪਾਊ ਨਾਅਰਿਆਂ ਤੋਂ ਉੱਪਰ ਉੱਠ ਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਸੋਚ-ਸਮਝਕੇ ਆਪਣਾ ਨੁਮਾਇੰਦਾ ਚੁਣੀਏ।

**—ਜਗਜੀਤ ਸਿੰਘ ਧੰਜੂ**
ਮੁੱਖ ਸੰਪਾਦਕ

## ਵੱਧ ਰਹੇ ਸਾਈਬਰ ਕ੍ਰਾਈਮ ਠੱਲ੍ਹ ਪਾਉਣ ਲਈ ਸੰਜੀਦਾ ਯਤਨ

# ਪੰਜਾਬ ਨੂੰ ਛੇਤੀ ਮਿਲਣਗੇ 28 ਨਵੇਂ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ : ਡੀਜੀਪੀ



ਪੰਜਾਬ 'ਚ ਵੱਧ ਰਹੇ ਸਾਈਬਰ ਅਪਰਾਧਾਂ ਨਾਲ ਨਜਿੱਠਣ ਲਈ ਸਾਰੇ 28 ਪੁਲਸ ਜ਼ਿਲ੍ਹਿਆਂ ਸਮੇਤ ਤਿੰਨ ਕਮਿਸ਼ਨਰੇਟਾਂ 'ਚ 28 ਨਵੇਂ ਸਾਈਬਰ ਕ੍ਰਾਈਮ ਪੁਲਸ ਸਟੇਸ਼ਨ ਜਲਦ ਸਥਾਪਤ ਕੀਤੇ ਜਾਣਗੇ। ਇਹ ਜਾਣਕਾਰੀ ਸੂਬਾ ਪੁਲਸ ਮੁਖੀ ਗੌਰਵ ਯਾਦਵ ਨੇ ਦਿੱਤੀ। ਉਨ੍ਹਾਂ ਕਿਹਾ ਕਿ ਇਹ ਡੀ. ਜੀ. ਪੀ. ਸਾਈਬਰ ਕ੍ਰਾਈਮ ਪੁਲਸ ਸਟੇਸ਼ਨ ਆਨਲਾਈਨ ਵਿੱਤੀ ਧੋਖਾਧੜੀ, ਆਈਡੈਂਟੀ ਥੈਫਟ, ਸਾਈਬਰ ਬੁਲਿੰਗ, ਹੈਕਿੰਗ ਅਤੇ ਆਨਲਾਈਨ ਸਕੈਮਾਂ ਦੀ ਜਾਂਚ ਕਰਨ ਅਤੇ ਨਜਿੱਠਣ ਲਈ ਸਮਰਪਿਤ ਹੱਬ ਵਜੋਂ ਕੰਮ ਕਰਨਗੇ।

ਉਨ੍ਹਾਂ ਕਿਹਾ ਕਿ ਪੁਲਸ ਸਟੇਸ਼ਨ ਅਤਿ-ਆਧੁਨਿਕ ਟੈਕਨਾਲੌਜੀ ਨਾਲ ਲੈਸ ਹੋਣਗੇ ਅਤੇ , ਸਟਾਫ 'ਚ ਡਿਜੀਟਲ ਫੋਰੈਂਸਿਕ ਅਤੇ ਸਾਈਬਰ ਕ੍ਰਾਈਮ ਜਾਂਚ 'ਚ ਮਾਹਿਰ ਉੱਚ ਸਿਖਲਾਈ ਪ੍ਰਾਪਤ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਜਾਵੇਗਾ। ਇਹ ਪੁਲਸ ਸਟੇਸ਼ਨ ਸਬੰਧਤ ਜ਼ਿਲ੍ਹੇ ਦੇ ਐੱਸ.ਐੱਸ.ਪੀ./ਸੀ.ਪੀ. ਦੀ ਨਿਗਰਾਨੀ 'ਚ ਕੰਮ ਕਰਨਗੇ ਅਤੇ ਏ.ਡੀ.ਜੀ.ਪੀ. ਸਾਈਬਰ ਕ੍ਰਾਈਮ ਵੱਲੋਂ ਸਮੁੱਚੀ ਨਜ਼ਰ ਸਾਨੀ 'ਚ ਕੰਮ ਕਰਨਗੇ।

ਉਨ੍ਹਾਂ ਦੱਸਿਆ ਕਿ ਸਾਈਬਰ ਕ੍ਰਾਈਮ ਜਾਂਚ 'ਚ ਪੁਲਸ ਦੀ ਕਾਬਲੀਅਤ ਤੇ ਕੁਸ਼ਲਤਾ ਨੂੰ ਵਧਾਉਣ ਲਈ ਮੁੱਖ ਮੰਤਰੀ ਨੇ ਸਟੇਟ ਸਾਈਬਰ ਕ੍ਰਾਈਮ ਡਿਵੀਜ਼ਨ ਵਿਖੇ ਡਿਜੀਟਲ ਜਾਂਚ ਸਿਖਲਾਈ ਅਤੇ ਵਿਸ਼ਲੇਸ਼ਣ ਕੇਂਦਰ (ਡੀ.ਆਈ.ਟੀ.ਏ.ਸੀ. ਲੈਬ) ਅਤੇ ਜ਼ਿਲਾ ਪੱਧਰ 'ਤੇ ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਤੇ ਟੈਕਨੀਕਲ ਸਪੋਰਟ ਯੂਨਿਟਸ ਨੂੰ ਅਪਗ੍ਰੇਡ ਕਰਨ ਲਈ 30 ਕਰੋੜ ਰੁਪਏ ਦੇ ਫੰਡ ਵੀ ਕੀਤੇ ਹਨ। ਨਵੇਂ ਸਾਫਟਵੇਅਰ ਫੋਰੈਂਸਿਕ ਟੂਲਜ਼ ਦੀ ਵਰਤੋਂ ਨਾਲ ਚਾਈਲਡ ਸੈਕਸੂਅਲ ਐਸਾਲਟ ਮਟੀਰੀਅਲ, ਡਾਟਾ ਰਿਕਵਰੀ, ਆਈ.ਓ.ਐੱਸ./ ਐਂਡਰਾਇਡ ਪਾਸਵਰਡ ਬ੍ਰੇਕਿੰਗ, ਕਲਾਊਡ ਡਾਟਾ ਰਿਕਵਰੀ, ਡਰੋਨ ਫੋਰੈਂਸਿਕਸ ਅਤੇ ਕ੍ਰਿਪਟੋਕਰੰਸੀ ਦੇ ਕੇਸਾਂ ਨਾਲ ਨਜਿੱਠਣ 'ਚ ਪੰਜਾਬ ਪੁਲਸ ਦੀ ਸਮਰੱਥਾ ਵਧੇਗੀ। . ਸਾਈਬਰ ਕ੍ਰਾਈਮ ਪੁਲਸ ਸਟੇਸ਼ਨਾਂ ਦੇ ਮੁੱਖ ਮੰਤਵਾਂ 'ਚ ਸਾਈਬਰ ਅਪਰਾਧਾਂ ਦੇ ਪੀੜਤਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨਾ, ਦੋਸ਼ੀਆਂ ਨੂੰ ਨਿਆਂ ਦੇ ਘੇਰੇ 'ਚ ਲਿਆਉਣ ਲਈ ਸਾਈਬਰ ਅਪਰਾਧਾਂ ਦੀ ਬਾਰੀਕੀ ਨਾਲ ਜਾਂਚ ਕਰਨਾ, ਖੁਫੀਆ ਜਾਣਕਾਰੀ ਅਤੇ ਬਿਹਤਰ ਅਭਿਆਸਾਂ ਦੇ ਆਦਾਨ-ਪ੍ਰਦਾਨ ਲਈ ਕਾਨੂੰਨ ਲਾਗੂ ਕਰਨ ਵਾਲੀਆਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਏਜੰਸੀਆਂ ਅਤੇ ਸਾਈਬਰ ਸੁਰੱਖਿਆ ਮਾਹਿਰਾਂ ਨਾਲ ਸਹਿਯੋਗ ਕਰਨਾ, ਸਾਈਬਰ ਖ਼ਤਰਿਆਂ ਬਾਰੇ ਲੋਕਾਂ 'ਚ ਜਾਗਰੂਕਤਾ ਪੈਦਾ ਕਰਨਾ ਅਤੇ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਰੋਕਥਾਮ ਉਪਾਵਾਂ ਬਾਰੇ ਜਾਗਰੂਕ ਕਰਨਾ, ਵਧ ਰਹੇ ਸਾਈਬਰ ਖ਼ਤਰਿਆਂ ਤੋਂ ਬਚਾਅ ਲਈ ਨਵੀਆਂ ਰਣਨੀਤੀਆਂ ਦਾ ਵਿਕਾਸ ਅਤੇ ਲਾਗੂ ਕਰਨਾ ਹਨ। ਏ.ਡੀ.ਜੀ.ਪੀ. (ਸਾਈਬਰ ਕ੍ਰਾਈਮ) ਵੀ. ਨੀਰਜਾ ਨੇ ਕਿਹਾ ਕਿ ਅਪਰਾਧੀ ਆਨਲਾਈਨ ਬੁਨਿਆਦੀ ਢਾਂਚੇ ਵਿਚਲੀਆਂ ਖ਼ਾਮੀਆਂ ਦਾ ਫ਼ਾਇਦਾ ਉਠਾਉਣ ਲਈ ਡਿਜੀਟਲਾਈਜ਼ੇਸ਼ਨ ਦੀ ਵਰਤੋਂ ਕਰ ਰਹੇ ਹਨ, ਜਿਸ ਕਰ ਕੇ ਇਨ੍ਹਾਂ ਅਪਰਾਧਾਂ ਦੇ ਸ਼ਿਕਾਰ ਵਿਅਕਤੀਆਂ ਅਤੇ ਕਾਰੋਬਾਰਾਂ ਨੂੰ ਨੁਕਸਾਨ ਝੱਲਣਾ ਪੈਂਦਾ ਹੈ।

ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਨੌਜਵਾਨ ਅਤੇ ਸੀਨੀਅਰ ਸਿਟੀਜ਼ਨ ਵੀ ਸਾਈਬਰ ਧੋਖਾਧੜੀ ਦਾ ਸ਼ਿਕਾਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨਵੇਂ ਸਾਈਬਰ ਕ੍ਰਾਈਮ ਪੁਲਸ ਸਟੇਸ਼ਨਾਂ ਦੀ ਸਥਾਪਨਾ ਨਾਲ ਸਾਈਬਰ ਕ੍ਰਾਈਮ ਨਾਲ ਨਜਿੱਠਣ 'ਚ ਕਾਫ਼ੀ ਮਦਦ ਮਿਲੇਗੀ। ਜ਼ਿਕਰਯੋਗ ਹੈ ਕਿ ਆਨਲਾਈਨ ਵਿੱਤੀ ਧੋਖਾਧੜੀ ਸਬੰਧੀ ਕਾਲਾਂ ਸੁਣਨ ਅਤੇ ਐੱਨ.ਸੀ.ਆਰ.ਪੀ.ਪੋਰਟਲ 'ਤੇ ਰਿਪੋਰਟਾਂ ਪ੍ਰਾਪਤ ਕਰਨ ਲਈ ਹੈਲਪਲਾਈਨ 1930 ਸਟੇਟ ਸਾਈਬਰ ਕ੍ਰਾਈਮ ਦਫ਼ਤਰ ਵਿਖੇ ਕਾਰਜਸ਼ੀਲ ਹੈ

**—ਚਰਨਜੀਤ ਸਿੰਘ ਸੰਘਾ**


# 'ਇਕ ਦੇਸ਼, ਇਕ ਚੋਣ' ਬਾਰੇ ਰਿਪੋਰਟ ਰਾਸ਼ਟਰਪਤੀ ਮੁਰਮੂ ਨੂੰ ਪੇਸ਼ ਕੀਤੀ



ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਅਗਵਾਈ ਹੇਠ ਬਣੀ ਉੱਚ ਪੱਧਰੀ ਕਮੇਟੀ ਨੇ 'ਇਕ ਦੇਸ਼, ਇਕ ਚੋਣ' ਬਾਰੇ ਆਪਣੀ ਰਿਪੋਰਟ ਰਾਸਟਰਪਤੀ ਦਰੋਪਦੀ ਮੁਰਮੂ ਨੂੰ ਸੌਂਪ ਦਿੱਤੀ। ਕਮੇਟੀ ਨੇ ਆਪਣੀ ਰਿਪੋਰਟ ਵਿੱਚ ਸੁਝਾਅ ਦਿੱਤਾ ਹੈ ਕਿ ਪਹਿਲੇ ਪੜਾਅ 'ਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਨਾਲੋ-ਨਾਲ ਕਰਵਾਈਆਂ ਜਾ ਸਕਦੀਆਂ ਹਨ।

ਇਸ ਤੋਂ ਬਾਅਦ ਦੂਜੇ ਪੜਾਅ 'ਚ 100 ਦਿਨਾਂ ਦੇ ਅੰਦਰ ਸਥਾਨਕ ਸਰਕਾਰਾਂ ਦੀਆਂ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਇਹ ਵੀ ਕਿਹਾ ਗਿਆ ਹੈ ਕਿ ਚੋਣਾਂ 'ਚ ਕਿਸੇ ਪਾਰਟੀ ਨੂੰ ਬਹੁਮਤ ਨਾ ਮਿਲਣ ਤੇ ਬੇਭਰੋਸਗੀ ਮਤੇ ਦੀ ਸਥਿਤੀ ਵਿੱਚ ਬਾਕੀ ਬਚੇ ਪੰਜ ਸਾਲਾਂ ਦੇ ਕਾਰਜਕਾਲ ਲਈ ਨਵੀਆਂ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਕਮੇਟੀ ਨੇ 18,626 ਪੰਨਿਆਂ ਦੀ ਰਿਪੋਰਟ ਰਾਸਟਰਪਤੀ ਭਵਨ ਵਿੱਚ ਰਾਸਟਰਪਤੀ ਦਰੋਪਦੀ ਮੁਰਮੂ ਨੂੰ ਸੌਂਪੀ। ਇਹ ਰਿਪੋਰਟ ਸਬੰਧਤ ਧਿਰਾਂ, ਮਾਹਿਰਾਂ ਨਾਲ ਵਿਆਪਕ ਸਲਾਹ ਮਸ਼ਵਰੇ ਅਤੇ 191 ਦਿਨਾਂ ਦੇ ਖੋਜ ਤੋਂ ਬਾਅਦ ਤਿਆਰ ਕੀਤੀ ਗਈ ਹੈ। ਕਮੇਟੀ 2 ਸਤੰਬਰ 2023 ਨੂੰ ਬਣਾਈ ਗਈ ਸੀ।

# ਪਾਵਰਕਾਮ 'ਬੀ' ਗਰੇਡ 'ਤੇ ਖਿਸਕਿਆ ਤੇ ਹਰਿਆਣਾ ਨੇ 'ਏ' ਪਲੱਸ ਗਰੇਡ ਰੱਖਿਆ ਬਰਕਰਾਰ



ਪੰਜਾਬ ਵਿਚ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਅਤੇ ਹੇ ਮਹਿੰਗੀ ਬਿਜਲੀ ਦੀ ਖ਼ਰੀਦ ਨਾਲ ਪਾਵਰਕਾਮ ਦੀ ਵਿੱਤੀ ਹਾਲਤ ਖ਼ਰਾਬ ਹੋਣ ਲੱਗ ਪਈ ਹੈ ਅਤੇ ਹੁਣ ਕੇਂਦਰੀ ਬਿਜਲੀ ਮੰਤਰਾਲੇ ਦੀਆਂ ਬਿਜਲੀ ਕੰਪਨੀਆਂ ਦੀ ਕੀਤੀ ਜਾਂਦੀ ਦਰਜਾਬੰਦੀ ਵਿਚ ਵੀ ਪਾਵਰਕਾਮ ਇਸ ਮਾਮਲੇ ਵਿਚ ਹਰਿਆਣਾ ਤੋਂ ਪਛੜ ਗਿਆ ਹੈ। ਪਾਵਰਕਾਮ ਵਲੋਂ ਮਹਿੰਗੀ ਬਿਜਲੀ ਦੀ ਖਰੀਦ ਕਰਕੇ ਲੋਕਾਂ ਨੂੰ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ, ਜਿਸ ਕਾਰਨ ਪਾਵਰਕਾਮ ਦੇ ਮਾਲੀਏ ਵਿਚ ਕਮੀ ਆ ਰਹੀ ਹੈ। ਇਸ ਕਰਕੇ ਕੇਂਦਰੀ ਬਿਜਲੀ ਮੰਤਰਾਲੇ ਵੱਲੋਂ ਜਿਹੜੀ ਸਾਲਾਨਾ ਦਰਜਾਬੰਦੀ ਦੀ ਰਿਪੋਰਟ ਜਾਰੀ ਕੀਤੀ ਗਈ ਹੈ। ਉਸ ਵਿਚ ਪਾਵਰਕਾਮ ਹਰਿਆਣਾ ਤੋਂ ਵੀ ਪੱਛੜ ਗਿਆ ਹੈ। ਕੇਂਦਰੀ ਬਿਜਲੀ ਮੰਤਰਾਲੇ ਵੱਲੋਂ ਰਾਜਾਂ ਦੀ ਬਿਜਲੀ ਕੰਪਨੀਆਂ ਦੀ ਜਿਹੜੀ ਦਰਜਾਬੰਦੀ ਕੀਤੀ ਜਾਂਦੀ ਹੈ, ਉਸ ਰਿਪੋਰਟ ਵਿੱਚ ਪਾਵਰਕਾਮ ਦੇ ਹਰਿਆਣਾ ਤੋਂ ਪਛੜਣ ਦਾ ਕਾਰਨ ਵੀ ਇਹ ਦੱਸਿਆ ਗਿਆ ਹੈ ਕਿ ਬਿਜਲੀ ਦੀ ਖ਼ਰੀਦ ਲਾਗਤ ਵਿਚ 61 ਪੈਸੇ ਵਾਧੇ ਦਾ ਹੋਣ ਤੋਂ ਇਲਾਵਾ ਹੋਰ ਲਾਗਤਾਂ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਕਰਮਚਾਰੀਆਂ ਦੀ ਲਾਗਤ ਵਿਚ 11 ਪੈਸੇ ਵੱਧਦੀ ਪਰ ਮਾਲੀਏ ਵਿੱਚ 14 ਪੈਸੇ ਪ੍ਰਤੀ ਯੂਨਿਟ ਦੀ ਗਿਰਾਵਟ ਕਰਕੇ ਹੋਈ ਹੈ। ਚੇਤੇ ਰਹੇ ਕਿ ਮੁਫਤ ਬਿਜਲੀ ਦੀ ਸਕੀਮ ਕਰਕੇ ਤਾਂ ਪਾਵਰ ਕੋਮ ਦੀ ਵਿੱਤੀ ਹਾਲਤ ਵਿੱਚ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ ਤੇ ਇੱਕ ਵਾਰ ਤਾਂ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਕੱਟ ਲਾਉਣਾ ਪਿਆ ਸੀ ਪਰ ਰੌਲਾ ਪੈਣ ਤੋਂ ਬਾਅਦ ਦੂਜੇ ਦਿਨ ਮੁਲਾਜ਼ਮਾਂ ਦੀ ਪੂਰੀ ਤਨਖਾਹ ਜਾਰੀ ਕਰਨੀ ਪਈ ਸੀ।

ਇਕ ਪਾਸੇ ਸਰਕਾਰ ਵਲੋਂ ਪਾਵਰਕਾਮ ਦੇ ਮੁਨਾਫ਼ੇ ਵਿਚ . ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ, ਜਦਕਿ ਪਾਵਰਕਾਮ ਦੇ ਕਰੋੜਾਂ ਰੁਪਏ ਬਕਾਇਆ ਦਾ ਅਜੇ ਤੱਕ ਭੁਗਤਾਨ ਨਹੀਂ ਕੀਤਾ ਗਿਆ ਹੈ। ਪਾਵਰਕਾਮ ਉਪਰ ਅਜੇ ਤੱਕ 17000 ਕਰੋੜ ਤੋਂ ਜ਼ਿਆਦਾ ਕਰਜ਼ਾ ਹੈ, ਜਿਸ ਦੀ ਹਰ ਸਾਲ 2000 ਕਰੋੜ ਤੋਂ ਜ਼ਿਆਦਾ ਦਾ ਵਿਆਜ ਦੇਣਾ ਪੈਂਦਾ ਹੈ। ਇਸ ਤੋਂ ਇਲਾਵਾ - ਸਰਕਾਰੀ ਵਿਭਾਗਾਂ ਦੇ ਕਰੋੜਾਂ ਰੁਪਏ ਦੀ ਅਦਾਇਗੀ ਨਹੀਂ ਹੋ ਸਕੀ ਹੈ, ਜਿਸ ਕਰਕੇ ਪਾਵਰਕਾਮ ਦੇ ਲੰਬੇ ਸਮੇਂ ਤੋਂ ਹੱਥ ਤੰਗ ਚੱਲ ਰਿਹਾ ਹੈ।

ਇਸ ਤੋਂ ਇਲਾਵਾ ਹਰਿਆਣਾ ਦੀ ਯੂ. ਐਚ. ਬੀ. ਵੀ. ਐਨ. ਅਤੇ ਡੀ. ਐਚ. ਬੀ. ਵੀ. ਐਨ. ਦੋਵਾਂ ਨੇ ਆਪਣਾ 'ਏ ਪਲੱਸ' ਗਰੁੱਪ ਬਰਕਰਾਰ ਰੱਖਿਆ ਹੈ। ਪਾਵਰਕਾਮ 'ਬੀ' ਗ੍ਰੇਡ ਤੱਕ ਖਿਸਕ ਗਿਆ ਹੈ ਅਤੇ 20ਵੇਂ ਸਥਾਨ 'ਤੇ ਹੈ।

ਪਿਛਲੇ ਸਾਲ ਪਾਵਰਕਾਮ ਦੀ ਰੈਂਕਿੰਗ 'ਏ' ਗ੍ਰੇਡ ਨਾਲ 16ਵੇਂ ਸਥਾਨ 'ਤੇ ਸੀ ਆਲ ਇੰਡੀਆ ਪਾਵਰ ਇੰਜੀਨੀਅਰ ਫੈਡਰੇਸ਼ਨ ਦੇ ਬੁਲਾਰੇ ਵੀ ਗੁਪਤਾ ਨੇ ਦੱਸਿਆ ਕਿ ਇਸ ਸਾਲ ਕਿਸੇ ਵੀ ਕੰਪਨੀ ਨੂੰ ਡੀਗਰੇਡ ਨਹੀਂ ਮਿਲਿਆ ਹੈ।

# ਅੱਜ ਦੀ ਔਰਤ ਸਫ਼ਲਤਾ ਦੇ ਰਾਹਾਂ ਤੇ



ਹਰ ਸਾਲ 8 ਮਾਰਚ ਦਾ ਦਿਨ ਅੰਤਰਾਸ਼ਟਰੀ ਮਹਿਲਾ ਦਿਵਸ ਵੱਜੋਂ ਮਨਾਇਆ ਜਾਂਦਾ ਹੈ। ਭਾਰਤ ਵਿੱਚ ਵੀ ਇਸ ਦਿਵਸ ਨੂੰ ਬੜਾ ਮਹੱਤਵਪੂਰਣ ਮੰਨਿਆਂ ਜਾਂਦਾ ਹੈ। ਭਾਰਤ ਸਦੀਆਂ ਤੋਂ ਇੱਕ ਮਰਦ ਪ੍ਰਧਾਨ ਦੇਸ਼ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਔਰਤ ਆਪਣੀ ਕਾਬਲੀਅਤ ਅਨੁਸਾਰ ਪੁਰਸ਼ਾਂ ਦੇ ਨਾਲ ਡੱਟ ਕੇ ਮੁਕਾਬਲਾ ਕਰ ਰਹੀ ਹੈ ਅਤੇ ਪੁਰਸ਼ਾਂ ਦੇ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਚਲ ਰਹੀ ਹੈ। ਇਤਿਹਾਸ ਦੀਆਂ ਕੁਝ ਮਹੱਤਵ ਪੂਰਨ ਉਦਾਹਰਣਾਂ ਹਨ ਜਿਨਾਂ ਨੂੰ ਦੇਖ ਕੇ ਅੱਜ ਦੀ ਔਰਤ ਨੇ ਸਮਾਜ ਵਿੱਚ ਆਪਣਾ ਖਾਸ ਮੁਕਾਮ ਬਣਾਇਆ ਹੈ। ਪੁਰਾਣੇ ਸਮੇਂ ਤੋਂ ਔਰਤ ਦੀ ਸਥਿਤੀ ਬਹੁਤ ਤਰਸ ਯੋਗ ਰਹੀ ਹੈ। ਪਰਦਾ ਪ੍ਰਥਾ, ਸਤੀ ਪ੍ਰਥਾ, ਬਾਲ ਵਿਆਹ, ਸ਼ਰੀਰਕ ਅਤੇ ਪਰਿਵਾਰਕ ਸ਼ੋਸ਼ਣ ਆਦਿ ਜਿਹੀਆਂ ਨਾਮੁਰਾਦ ਸਮੱਸਿਆਵਾਂ ਸਾਨੂੰ ਅੱਜ ਵੀ ਦਹਿਲਾ ਕੇ ਰੱਖ ਦਿੰਦੀਆਂ ਹਨ। ਭਾਂਵੇ ਅੱਜ ਔਰਤ ਲੋੜ ਤੋਂ ਵੱਧ ਪੜ੍ਹ-ਲਿਖ ਗਈ ਹੈ ਤਾਂ ਵੀ ਉਸ ਦਾ ਸਮਾਜ ਵਿੱਚ ਸਥਾਨ ਜਿਆਦਾ ਸੰਤੋਸ਼ਜਨਕ ਨਹੀਂ ਹੈ। ਉਹ ਆਪਣੇ ਪਰਿਵਾਰ ਦੇ ਤਾਣੇ ਬਾਣੇ ਵਿੱਚ ਉਲਝ ਕੇ ਰਹਿ ਗਈ ਹੈ। ਇੱਕ ਲੜਕੀ ਜੰਮਣ ਤੋਂ ਲੈ ਕੇ ਵਿਆਹ ਹੋਣ ਤੱਕ ਦੀ ਜਿੰਦਗੀ ਅਤੇ ਵਿਆਹ ਤੋਂ ਬਾਅਦ ਦੀ ਪਰਿਵਾਰਕ ਜ਼ਿੰਦਗੀ ਦਾ ਸਹੀ ਤਾਲ ਮੇਲ ਨਹੀਂ ਕਰ ਪਾਉਂਦੀ, ਜਿਸ ਕਰਕੇ ਉਸਦੇ ਪਰਿਵਾਰ ਵਿੱਚ ਕਈ ਸਮੱਸਿਆਵਾਂ ਅਤੇ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਉਹ ਚਾਹ ਕੇ ਵੀ ਅਜਿਹੀਆਂ ਪਰਿਵਾਰਕ ਸਮੱਸਿਆਵਾਂ ਵਿੱਚ ਉਲਝ ਕੇ ਰਹਿ ਜਾਂਦੀ ਹੈ। ਅੱਜ ਦੀ ਆਧੁਨਿਕ ਔਰਤ ਗਿਆਨ, ਵਿਗਿਆਨ, ਤਕਨਾਲੋਜੀ, ਕੰਪਿਊਟਰ, ਇੰਜੀਨੀਰਿੰਗ, ਡਾਕਟਰੀ ਅਤੇ ਰਾਜਨੀਤੀ ਜਿਹੇ ਹਰ ਖੇਤਰ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਅ ਚੁਕੀ ਹੈ। ਅਜਿਹਾ ਕੋਈ ਖੇਤਰ ਨਹੀਂ ਜਿਸ ਵਿੱਚ ਔਰਤ ਨੇ ਆਪਣੀ ਖ਼ਾਸ ਜਗਾ ਨਹੀਂ ਬਣਾਈ। ਸਰੋਜਨੀ ਨਾਇਡੂ, ਇੰਦਰਾ ਗਾਂਧੀ, ਅਮ੍ਰਿਤਾ ਪ੍ਰੀਤਮ, ਕਲਪਨਾ ਚਾਵਲਾ, ਪੀ. ਟੀ. ਊਸ਼ਾ, ਆਦਿ ਕੁਝ ਅਜਿਹੀਆਂ ਔਰਤਾਂ ਹਨ ਜਿੰਨਾਂ ਨੇ ਆਧੁਨਿਕ ਪੁਰਸ਼ ਪ੍ਰਧਾਨ ਸਮਾਜ ਵਿੱਚ ਰਹਿੰਦੇ ਹੋਏ ਦੁਨੀਆਂ ਵਿੱਚ ਆਪਣਾ ਵਿਸ਼ੇਸ਼ ਸਥਾਨ ਸਥਾਪਿਤ ਕੀਤਾ ਹੈ। ਭਾਵੇਂ ਅੱਜ ਔਰਤ ਨੇ ਹਰ ਖੇਤਰ ਵਿੱਚ ਆਪਣਾ ਇੱਕ ਖਾਸ ਨਾਂ ਬਣਾ ਲਿਆ ਹੈ ਪਰ ਅਜੇ ਵੀ ਕੁਝ ਪ੍ਰਤੀਸ਼ਤ ਔਰਤਾਂ ਮਰਦਾਂ ਦੁਆਰਾ ਕੀਤੇ ਅਤਿਆਚਾਰਾਂ ਅਤੇ ਲਗਾਤਾਰ ਹੁੰਦੇ ਸ਼ੋਸ਼ਣ ਦੀਆਂ ਸ਼ਿਕਾਰ ਹੋ ਰਹੀਆਂ ਹਨ। ਥਾਂ ਥਾਂ ਤੇ ਔਰਤ ਨੂੰ ਕਈ ਤਰਾਂ ਦੇ ਸ਼ਰੀਰਕ ਸ਼ੋਸ਼ਣਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਕਈ ਥਾਵਾਂ ਤੇ ਅਜੇ ਵੀ ਮਰਦ ਪ੍ਰਧਾਨ ਸਮਾਜ ਦੀ ਸੋਚ ਬਹੁਤ ਛੋਟੀ ਅਤੇ ਪੱਛੜੀ ਹੋਈ ਪ੍ਰਤੀਤ ਹੁੰਦੀ ਹੈ। ਅੱਜ ਵੀ ਵਧੇਰੇ ਕਰਕੇ ਕੁੜੀਆਂ ਧੀਆਂ ਨੂੰ ਘਰੋਂ ਬਾਹਰ ਪੜ੍ਹਨ ਜਾਂ ਕੰਮ ਕਰਨ ਲਈ ਸੰਕੋਚ ਕੀਤਾ ਜਾਂਦਾ ਹੈ। ਕੁਝ ਘਰਾਂ ਵਿੱਚ ਇਹ ਗਲ ਬੜੀ ਸ਼ਾਨ ਨਾਲ ਕਹੀ ਜਾਂਦੀ ਹੈ ਕਿ ਅਸੀਂ ਆਪਣੀ ਧੀ, ਭੈਣ ਜਾਂ ਨੂੰਹ ਨੂੰ ਪੜਾਇਆ ਤਾਂ ਹੈ ਪਰ ਉਸ ਕੋਲੋਂ ਅਸੀਂ ਕੋਈ ਕੰਮ, ਕਾਰੋਬਾਰ ਜਾਂ ਨੌਕਰੀ ਨਹੀਂ ਕਰਵਾਉਣੀ। ਇਸ ਦਾ ਅਰਥ ਤਾਂ ਇਹ ਹੋਇਆ ਕਿ ਅਸੀਂ ਉਸ ਦੀ ਸਾਲਾਂ ਦੀ ਮਿਹਨਤ ਕਰਕੇ ਮੁਕੰਮਲ ਕੀਤੀ ਪੜਾਈ ਨੂੰ ਅਜਾਈਂ ਹੀ ਗੁਆ ਦੇਣਾ ਚਾਹੁੰਦੇ ਹਾਂ ਅਤੇ ਉਸਨੂੰ ਇੰਨਾਂ ਪੜ ਲਿੱਖ ਕੇ ਵੀ ਆਖਿਰ ਘਰ ਦੀ ਚਾਰ ਦੀਵਾਰੀ ਵਿੱਚ ਕੈਦ ਹੋ ਕੇ ਹੀ ਰਹਿਣਾ ਪਵੇਗਾ। ਔਰਤ ਨਾਲ ਅਕਸਰ ਅਜਿਹੀ ਘਰੇਲੂ ਜ਼ਬਰਦਸਤੀ ਹੋਣਾ ਬਹੁਤ ਹੀ ਸੁਭਾਵਕ ਹੈ। ਅੱਜ ਦੀ ਔਰਤ ਨੇ ਭਾਵੇਂ ਆਪਣੀ ਸੋਚ ਬਦਲ ਲਈ ਹੈ ਪਰ ਅਸਲ ਦੇ ਵਿੱਚ ਸਾਡੇ ਸਮਾਜ ਦੀ ਸੋਚ ਬਦਲਣ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਹੈ। ਬਹੁਤੇ ਘਰਾਂ ਵਿੱਚ ਇਹ ਸੋਚ ਪੂਰਨ ਰੂਪ ਵਿੱਚ ਬਦਲ ਚੁਕੀ ਹੈ ਅਤੇ ਔਰਤ ਨੂੰ ਉਸਦੇ ਬਣਦੇ ਹੱਕ ਅਤੇ ਅਧਿਕਾਰ ਮਿਲ ਰਹੇ ਹਨ। ਅੱਜ ਸ਼ਾਇਦ ਹੀ ਕੋਈ ਅਜਿਹਾ ਖੇਤਰ ਹੋਵੇ ਜਿਸ ਵਿੱਚ ਔਰਤ ਨੇ ਆਪਣੀ ਕਾਬਲੀਅਤ ਸਦਕਾ ਮਰਦਾਂ ਦੇ ਮੋਢੇ ਨਾਲ ਮੋਢਾ ਮਿਲਾ ਕੇ ਕੰਮ ਨਾ ਕੀਤਾ ਹੋਵੇ। ਅੱਜ ਦੀ ਔਰਤ ਸਮਾਜ ਲਈ ਇੱਕ ਵੱਡੀ ਮਿਸਾਲ ਹੈ। ਆਪਣੀ ਆਧੁਨਿਕ ਸੋਚ ਦੇ ਕਰਕੇ ਉਹ ਆਪਣੇ ਘਰ ਪਰਿਵਾਰ ਅਤੇ ਸਮਾਜ ਪ੍ਰਤੀ ਪਹਿਲਾਂ ਤੋਂ ਜ਼ਿਆਦਾ ਸੁਹਿਰਦ ਅਤੇ ਪ੍ਰਭਾਵਸ਼ਾਲੀ ਹੋ ਗਈ ਹੈ। ਪੂਰੇ ਵਿਸ਼ਵ ਵਿੱਚ ਔਰਤ ਦੀ ਕਾਰਗੁਜ਼ਾਰੀ ਸ਼ਲਾਘਾਯੋਗ ਹੈ ਅਤੇ ਅੱਜ ਦੀ ਔਰਤ ਮਰਦਾਂ ਦੇ ਲਈ ਇੱਕ ਮਿਸਾਲ ਹੈ। ਸ਼ਾਲਾ ਮੁੱਢ ਕਦੀਮ ਤੋਂ ਸ਼ੋਸ਼ਿਤ ਹੁੰਦੀ ਔਰਤ ਬਦਲਦੇ ਸਮੇਂ ਦੀ ਬਦਲਦੀ ਸੋਚ ਨਾਲ ਚੱਲਣ ਦਾ ਪੂਰਾ ਹੌਸਲਾ ਕਰਦੀ ਹੈ। ਵਿਦਿਆ ਦੇ ਚਾਨਣ ਕਰਕੇ ਔਰਤ ਦੀ ਅੰਤਰ ਆਤਮਾ ਰੌਸ਼ਨ ਹੋਈ ਹੈ ਜਿਸ ਕਰਕੇ ਉਸਦੇ ਆਲੇ-ਦੁਆਲੇ ਦਾ ਮਾਹੌਲ ਵੀ ਸਾਰਥਕ ਹੋਇਆ ਹੈ ਅਤੇ ਆਉਣ ਵਾਲੇ ਸਮੇਂ ਲਈ ਔਰਤ ਪ੍ਰਤੀ ਬਦਲਦੀ ਸੋਚ ਹੋਰ ਮਜਬੂਤ ਹੋ ਰਹੀ ਹੈ। ਔਰਤ ਦਾ ਤਰੱਕੀ ਦੇ ਰਾਹਾਂ ਤੇ ਚਲਣਾ ਪੂਰੀ ਤਰਾਂ ਨਾਲ ਸੰਭਵ ਹੋ ਚੁਕਾ ਹੈ। ਅਜਿਹੇ ਬਹੁਤ ਸਾਰੇ ਖੇਤਰ ਹਨ ਜਿਨਾਂ ਵਿੱਚ ਔਰਤਾਂ ਮਰਦਾਂ ਤੋਂ ਅੱਗੇ ਨਿਕਲ ਚੁਕੀਆਂ ਹਨ। ਅੱਜ ਦੀ ਔਰਤ ਪੂਰੀ ਤਰਾਂ ਨਾਲ ਸਫ਼ਲਤਾ ਦੇ ਰਾਹਾਂ ਤੇ ਚੱਲ ਪਈ ਹੈ ਅਤੇ ਸਾਡੇ ਸਮਾਜ ਲਈ ਇੱਕ ਸਾਕਾਰਾਤਮਕ ਮਾਹੌਲ ਪੈਦਾ ਹੋ ਰਿਹਾ ਹੈ। ਨਵੇਂ ਯੁਗ ਦੀਆਂ ਨੌਜਵਾਨ ਕੁੜੀਆਂ ਜੋ ਭਵਿੱਖ ਵਿੱਚ ਆਪਣੀ ਕਾਬਲੀਅਤ ਨੂੰ ਉਜਾਗਰ ਕਰਨਗੀਆਂ ਉਹ ਵੀ ਆਪਣੇ ਆਪ ਨੂੰ ਪੂਰੀ ਤਰਾਂ ਨਾਲ ਤਿਆਰ ਕਰ ਰਹੀਆਂ ਹਨ ਅਤੇ ਹਰ ਖੇਤਰ ਵਿੱਚ ਮਰਦਾਂ ਨਾਲੋਂ ਅੱਗੇ ਵੱਧਣ ਲਈ ਆਪਣੀ ਪੂਰੀ ਕੋਸ਼ਿਸ਼ ਕਰ ਰਹੀਆਂ ਹਨ। ਮਰਦਾਂ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਉਹ ਔਰਤਾਂ ਨੂੰ ਅੱਗੇ ਵਧਣ ਲਈ ਪੂਰੀ ਆਜ਼ਾਦੀ ਦੇਣ ਤਾਂ ਜੋ ਮਰਦਾਂ ਦੇ ਫ਼ੈਸਲਿਆਂ ਕਰਕੇ ਔਰਤ ਆਪਣੇ ਸੁਪਨਿਆਂ ਨੂੰ ਨੂੰ ਸਾਕਾਰ ਕਰਨ ਵਿੱਚ ਕਿਤੇ ਪਿੱਛੇ ਹੀ ਨਾ ਰਹਿ ਜਾਵੇ।



ਲੇਖਕ
ਦਿਨੇਸ਼ ਦਮਾਥੀਆ
94177-14390

---

ਗੁਰਦੀਸ਼ ਕੌਰ ਗਰੇਵਾਲ

# ਔਰਤ ਦਾ ਅਸਲ ਪਰਿਵਾਰ ਕਿਹੜਾ..?

ਔਰਤ ਪਹਿਲਾਂ ਬੇਟੀ ਦੇ ਤੌਰ ਤੇ ਪਿਓ-ਦਾਦੇ ਦੇ ਘਰ ਵਿੱਚ ਰਹਿੰਦੀ ਹੈ। ਜਿੰਨੀ ਦੇਰ ਉਹ ਵਿਆਹੀ ਨਹੀਂ ਜਾਂਦੀ ਉਨੀ ਦੇਰ ਉਸ ਦੇ ਮਾਂ ਬਾਪ, ਦਾਦਾ ਦਾਦੀ, ਭੈਣ ਭਰਾ ਸਾਰੇ ਉਸ ਦਾ ਪਰਿਵਾਰ ਹੁੰਦੇ ਹਨ। ਉਹ ਉਹਨਾਂ ਸਾਰਿਆਂ ਨੂੰ ਪਿਆਰ ਕਰਦੀ ਹੈ। ਉਹਨਾਂ ਬਾਰੇ ਸੋਚਦੀ ਹੈ। ਉਹਨਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੀ ਹੈ। ਪਰ ਜਦੋਂ ਉਹ ਵਿਆਹੀ ਜਾਂਦੀ ਹੈ, ਤਾਂ ਇੱਕ ਨਵੇਂ ਪਰਿਵਾਰ ਦਾ ਹਿੱਸਾ ਬਣ ਜਾਂਦੀ ਹੈ। ਉਥੇ ਉਸ ਦਾ ਵਾਹ, ਪਤੀ ਤੋਂ ਇਲਾਵਾ ਪਤੀ ਦੇ ਮਾਂ ਬਾਪ, ਦਾਦਾ ਦਾਦੀ, ਭੈਣ ਭਰਾ ਜਾਂ ਭਾਬੀਆਂ ਨਾਲ ਵੀ ਪੈਂਦਾ ਹੈ। ਹੁਣ ਇਹ ਸਹੁਰਾ ਪਰਿਵਾਰ, ਉਸ ਦਾ ਨਵਾਂ ਪਰਿਵਾਰ ਬਣ ਜਾਂਦਾ ਹੈ। ਕੋਈ ਵੀ ਲੜਕੀ, ਆਪਣੇ ਜਨਮ ਦੇਣ ਵਾਲੇ ਮਾਂ ਬਾਪ ਤੇ ਖੂਨ ਦੇ ਰਿਸ਼ਤਿਆਂ ਨੂੰ ਭੁਲਾ ਨਹੀਂ ਸਕਦੀ, ਤੇ ਭੁਲਾਉਣਾ ਚਾਹੀਦਾ ਵੀ ਨਹੀਂ। ਪਰ ਸੋਚਣ ਵਾਲੀ ਗੱਲ ਇਹ ਹੈ ਕਿ- ਜੇਕਰ ਉਹ ਸਹੁਰੇ ਜਾ ਕੇ, ਪੇਕੇ ਪਰਿਵਾਰ ਬਾਰੇ ਹੀ ਹਰ ਵੇਲੇ ਸੋਚਦੀ ਰਹੇ, ਤਾਂ ਕੀ ਉਹ ਸਹੁਰੇ ਪਰਿਵਾਰ ਵਿੱਚ ਰਚ ਮਿਚ ਸਕੇਗੀ? ਜੇ ਉਹ ਸਹੁਰੇ ਪਰਿਵਾਰ ਵਿੱਚ ਅਡਜਸਟ ਨਾ ਹੋ ਸਕੀ- ਤਾਂ ਕੀ ਉਹ ਸੁਖੀ ਰਹਿ ਸਕੇਗੀ?

ਦੇਖਣ ਵਿੱਚ ਆਇਆ ਹੈ ਕਿ- ਅੱਜਕਲ ਲੜਕੀਆਂ ਵਿਆਹ ਤੋਂ ਬਾਅਦ ਕੇਵਲ ਆਪਣੇ ਪਤੀ ਨਾਲ ਹੀ ਰਿਸ਼ਤਾ ਰੱਖਣਾ ਚਾਹੁੰਦੀਆਂ ਹਨ। ਪਤੀ ਦੇ ਪਰਿਵਾਰ ਨਾਲ ਉਹਨਾਂ ਨੂੰ ਕੋਈ ਵਾਸਤਾ ਨਹੀਂ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ- ਬੱਚੀਆਂ ਤੇ ਘਰ ਦੇ ਮਹੌਲ ਦਾ ਬਹੁਤ ਅਸਰ ਪੈਂਦਾ ਹੈ। ਮਾਂ ਬਾਪ ਤੋਂ ਮਿਲੇ ਸੰਸਕਾਰ ਜ਼ਿੰਦਗੀ ਵਿੱਚ ਕੰਮ ਆਉਂਦੇ ਹਨ। ਜਿਸ ਲੜਕੀ ਨੇ ਪੇਕੇ ਘਰ ਵਿੱਚ ਆਪਣੀ ਮਾਂ ਜਾਂ ਭਾਬੀ ਨੂੰ, ਪਰਿਵਾਰ ਵਿੱਚ ਸਭ ਨਾਲ ਮਿਲ ਜੁਲ ਕੇ ਰਹਿੰਦੇ, ਵੱਡਿਆਂ ਦਾ ਆਦਰ ਕਰਦੇ ਅਤੇ ਨਨਾਣ, ਦਰਾਣੀ, ਜਠਾਣੀ ਨਾਲ ਵਰਤਦੇ ਦੇਖਿਆ ਹੋਏਗਾ, ਉਸ ਨੂੰ ਸਹੁਰੇ ਪਰਿਵਾਰ ਵਿੱਚ 'ਅਡਜਸਟ' ਹੋਣ ਵਿੱਚ ਜਿਆਦਾ ਸਮਾਂ ਨਹੀਂ ਲਗੇਗਾ। ਪਰ ਇਸ ਦੇ ਉਲਟ, ਜਿਸ ਲੜਕੀ ਨੇ ਪੇਕੇ ਪਰਿਵਾਰ ਵਿੱਚ ਮਾਂ ਨੂੰ, ਦਾਦੀ ਜਾਂ ਨਨਾਣ ਤੇ ਦਰਾਣੀ ਜਠਾਣੀ ਦੀਆਂ ਚੁਗਲੀਆਂ ਕਰਦੇ ਹੀ ਹਮੇਸ਼ਾ ਸੁਣਿਆਂ, ਉਹ ਲੜਕੀ ਆਪਣੇ ਸਹੁਰੇ ਪਰਿਵਾਰ ਵਿੱਚ ਜਾ ਕੇ ਵੀ ਉਹੀ ਵਰਤਾਓ ਕਰੇਗੀ। ਇਸ ਵਿੱਚ ਉਸ ਵਿਚਾਰੀ ਦਾ ਕਸੂਰ ਨਹੀਂ ਸਗੋਂ ਪਰਿਵਾਰਕ ਮਹੌਲ ਦਾ ਵੱਡਾ ਹੱਥ ਹੈ।



ਲੜਕੀਆਂ ਨੂੰ ਸਹੁਰੇ ਪਰਿਵਾਰ ਵਿੱਚ 'ਅਡਜਸਟ' ਹੋਣ ਲਈ, ਪੇਕਿਆਂ ਦਾ ਮੋਹ ਤੇ ਫਿਕਰ, ਕੁੱਝ ਹੱਦ ਤੱਕ ਘੱਟ ਕਰਨਾ ਪਏਗਾ। ਵੈਸੇ ਵੀ ਵਿਆਹੁਤਾ ਲੜਕੀ ਨੂੰ ਆਪਣੇ ਪੇਕੇ ਘਰ ਵਿੱਚ ਦਖਲ ਅੰਦਾਜ਼ੀ, ਘੱਟ ਕਰ ਦੇਣੀ ਚਾਹੀਦੀ ਹੈ। ਸੋਚੋ ਭਲਾ ਕਿ- ਉਹ ਆਪ ਤਾਂ ਆਪਣੀ ਵਿਆਹੀ ਹੋਈ ਨਨਾਣ ਦੀ ਦਖਲ ਅੰਦਾਜ਼ੀ ਸਹਿ ਨਹੀਂ ਸਕਦੀ, ਤਾਂ ਇਹੀ ਗੱਲ ਉਸ ਦੀ ਭਰਜਾਈ ਕਿਵੇਂ ਸਹੇਗੀ? ਬਾਕੀ ਪਤੀ ਦੇ ਮਾਂ ਬਾਪ ਨੂੰ- ਆਪਣੇ ਮਾਂ ਬਾਪ ਹੀ ਨਾ ਸਮਝਣਾ, ਤੇ ਹਰ ਵੇਲੇ ਆਪਣਿਆਂ ਦੇ ਹੀ ਗੁਣ ਗਾਈ ਜਾਣਾ- ਵੀ ਕਿਥੋਂ ਦੀ ਸਿਆਣਪ ਹੈ ਭਲਾ? ਉਹ ਇਹ ਨਹੀਂ ਸੋਚਦੀ ਕਿ ਜਿਵੇਂ ਉਸ ਨੂੰ ਆਪਣੇ ਮਾਂ ਬਾਪ ਜਾਂ ਭੈਣ ਭਰਾ ਪਿਆਰੇ ਹਨ, ਇਸੇ ਤਰ੍ਹਾਂ ਉਸ ਦਾ ਪਤੀ ਵੀ- ਕਿਸੇ ਦਾ ਬੇਟਾ ਹੈ, ਕਿਸੇ ਦਾ ਭਰਾ ਹੈ। ਉਸ ਦੇ ਪਰਿਵਾਰ ਨੂੰ ਨਜ਼ਰ ਅੰਦਾਜ਼ ਕਰਕੇ, ਉਹ ਪਤੀ ਦਾ ਪਿਆਰ ਕਿਵੇਂ ਪਾ ਸਕੇਗੀ? ਪਰ ਅੱਜਕਲ ਤਾਂ ਬਹੁਤੇ ਲੜਕੇ ਵੀ ਬੀਵੀ ਦਾ ਹੀ ਸਾਥ ਦਿੰਦੇ ਹਨ? ਵਿਆਹ ਤੋਂ ਬਾਅਦ ਛੇਤੀ ਹੀ, ਵੱਖ ਹੋਣ ਦਾ ਪ੍ਰਸਤਾਵ ਆ ਜਾਂਦਾ ਹੈ। ਕੀ ਪਤੀ ਇਹ ਨਹੀਂ ਕਹਿ ਸਕਦਾ ਕਿ- 'ਜੇ ਤੂੰ ਆਪਣੇ ਮਾਂ ਬਾਪ ਨੂੰ ਅੱਜ ਤੱਕ ਨਹੀਂ ਛੱਡ ਸਕੀ, ਤਾਂ ਮੈਂ ਕਿਵੇਂ ਛੱਡ ਸਕਦਾ ਹਾਂ?' ਪਰ ਉਹ ਵਿਚਾਰੇ ਵੀ ਕੀ ਕਰਨ, ਚੱਕੀ ਦੇ ਦੋ ਪੁੜਾਂ ਵਿਚਾਲੇ ਪਿਸ ਰਹੇ ਹੁੰਦੇ ਹਨ। ਤਰਾਸਦੀ ਇਹ ਹੈ, ਕਿ ਕਈ ਕਈ ਪੁੱਤਾਂ ਵਾਲੇ ਵੀ, ਹਨ੍ਹੇਰੀਆਂ ਤੇ ਠੰਢੀਆਂ ਬੇਸਮੈਂਟਾਂ ਵਿੱਚ ਰੁਲਣ ਨੂੰ ਮਜਬੂਰ ਹਨ। ਕਿਹੋ ਜਿਹਾ ਯੁੱਗ ਆ ਗਿਆ ਇਹ?

ਇਸ ਵਿੱਚ ਬਹੁਤ ਵਾਰੀ ਦੋਸ਼, ਕੁੜੀਆਂ ਦੀਆਂ ਮਾਵਾਂ ਦਾ ਵੀ ਹੁੰਦਾ ਹੈ। ਵਿਆਹੀ ਹੋਈ ਧੀ ਦੇ ਘਰ ਵਿੱਚ, ਮਾਂ ਨੂੰ ਜ਼ਿਆਦਾ ਦਖਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ। ਇੱਕ ਤਾਂ ਇਹ ਮੋਬਾਇਲ ਵੀ ਕੁੜੀਆਂ ਨੂੰ ਨਵੇਂ ਘਰ ਵਿੱਚ ਵਸਣ ਨਹੀਂ ਦਿੰਦੇ। ਸਹੁਰੇ ਪਰਿਵਾਰ ਦੀ ਹਰ ਨਿੱਕੀ ਮੋਟੀ ਗੱਲ, ਪੇਕੇ ਮਾਵਾਂ ਕੋਲ ਪੁਚਾਈ ਜਾਂਦੇ ਹਨ। ਮਾਵਾਂ ਫਿਰ ਆਪਣੀ ਲਾਡਲੀ ਨੂੰ, ਆਪਣਾ ਯੋਗ ਮਸ਼ਵਰਾ ਦੇਣਾ ਵੀ ਆਪਣਾ ਫਰਜ਼ ਸਮਝਦੀਆਂ ਹਨ। ਜੇ ਤਾਂ ਮਾਂ ਸਿਆਣੀ ਹੋਵੇ, ਤਾਂ ਉਹ ਆਪਣੀ ਧੀ ਨੂੰ ਹੀ ਸਮਝਾਏਗੀ ਕਿ- "ਹੁਣ ਇਹ ਤੇਰਾ ਪਰਿਵਾਰ ਹੈ..ਜੇ ਸੱਸ ਨੇ ਕੁੱਝ ਕਿਹਾ ਤਾਂ ਕੋਈ ਨਹੀਂ, ਮੈਂ ਵੀ ਤਾਂ ਤੈਨੂੰ ਸਮਝਾਉਣ ਲਈ ਕਹਿ ਹੀ ਦਿੰਦੀ ਸੀ..ਗੁੱਸਾ ਨਹੀਂ ਕਰੀਦਾ ਹੁਣ ਉਹ ਹੀ ਤੇਰੇ ਮਾਂ ਬਾਪ ਹਨ।"ਪਰ ਬਹੁਤੀਆਂ ਮਾਵਾਂ ਅਕਸਰ ਹੀ ਧੀ ਨੂੰ ਹੋਰ ਸ਼ਹਿ ਦੇ ਦਿੰਦੀਆਂ ਹਨ- "ਇੱਕ ਦੀਆਂ ਚਾਰ ਸੁਣਾਈਂ ਕੋਈ ਲੋੜ ਨਹੀਂ ਨਾਲ ਰਹਿਣ ਦੀ..ਵੱਖ ਹੋ ਜਾ..ਤੇਰੇ ਬੱਚੇ ਅਸੀਂ ਪਾਲ ਦਿਆਂਗੇ.."ਹੁਣ ਤੁਸੀਂ ਆਪ ਹੀ ਸੋਚੋ ਕਿ ਇਸ ਤਰ੍ਹਾਂ ਦੀ ਸਿੱਖਿਆ ਮਿਲਣ ਨਾਲ ਭਲਾ ਕਿਹੜੀ ਧੀ ਸਹੁਰੇ ਪਰਿਵਾਰ ਦਾ ਆਦਰ ਮਾਣ ਕਰੇਗੀ? ਮਾਵਾਂ ਹੋਣ ਦੇ ਨਾਤੇ, ਅਸੀ ਵੀ ਆਪਣੇ ਅੰਦਰ ਝਾਤੀ ਮਾਰੀਏ ਕਿ- ਕਿਤੇ ਅਸੀਂ ਵੀ ਇਸ ਗੁਨਾਹ ਦੀਆਂ ਭਾਗੀਦਾਰ ਤਾਂ ਨਹੀਂ?

ਮੇਰੀ ਇੱਕ ਸਹੇਲੀ ਨੇ ਬੜਾ ਚਿਰ ਸੋਚ ਵਿਚਾਰ ਕਰਕੇ, ਆਪਣੇ ਪੁੱਤਰ ਦਾ ਵਿਆਹ ਕੀਤਾ। ਨੂੰਹ ਸੁਹਣੀ ਸੁਨੱਖੀ ਤੇ ਪੜ੍ਹੀ ਲਿਖੀ ਸੀ। ਪਰ ਦੋ ਮਹੀਨੇ ਬਾਅਦ ਹੀ ਉਸਨੇ ਸੱਸ ਨੂੰ ਘਰੋਂ ਜਾਣ ਦਾ ਹੁਕਮ, ਆਪਣੇ ਪਤੀ ਰਾਹੀਂ ਸੁਣਾ ਦਿੱਤਾ। ਉਹ ਵਿਧਵਾ ਔਰਤ ਸੀ, ਜਾਵੇ ਕਿੱਥੇ? ਵਿਚਾਰੀ ਆਪਣੀ ਧੀ ਕੋਲ ਚਲੀ ਗਈ। ਮੈਂ ਉਸ ਨੂੰ ਹੌਸਲਾ ਦਿੱਤਾ- "ਸ਼ੁਕਰ ਕਰ ਤੇਰੀ ਇੱਕ ਧੀ ਵੀ ਸੀ, ਜਿਸ ਕੋਲ ਤੂੰ ਚਲੀ ਗਈ। ਜਿਹਨਾਂ ਦੀਆਂ ਧੀਆਂ ਨਹੀਂ ਹੁੰਦੀਆਂ, ਉਹ ਬਜ਼ੁਰਗ ਕਿੱਥੇ ਜਾਣ ਭਲਾ?"ਤੇ ਫਿਰ ਲੜਕੀ ਦੇ ਸਹੁਰੇ ਪਰਿਵਾਰ ਬਾਰੇ ਪੁੱਛਣ ਲੱਗੀ। ਪਤਾ ਲੱਗਾ ਕਿ- ਉਸ ਦੇ ਸੱਸ ਸਹੁਰਾ ਵੀ ਕਿਤੇ ਹੋਰ ਬੇਸਮੈਂਟ ਲੈ ਕੇ ਰਹਿ ਰਹੇ ਹਨ, ਜਦ ਕਿ ਜੁਆਈ ਵੀ ਮਾਪਿਆਂ ਦਾ ਇੱਕਲੌਤਾ ਪੁੱਤਰ ਹੈ। "ਕਿਹੋ ਜਿਹੀ ਹਵਾ ਵਗ ਪਈ?"ਮੈਂ ਦੇਰ ਰਾਤ ਤੱਕ ਸੋਚਦੀ ਰਹੀ। ਇਹ ਕਹਾਣੀ ਕਿਸੇ ਇੱਕ ਘਰ ਦੀ ਨਹੀਂ, ਬਹੁਤੇ ਘਰਾਂ ਦੀ ਹੈ।

ਅਸਲ ਵਿੱਚ 'ਜੁਆਇੰਟ ਫੈਮਿਲੀ ਸਿਸਟਮ' ਖਤਮ ਹੋਣ ਦਾ ਵੀ ਇੱਕ ਬੜਾ ਵੱਡਾ ਨੁਕਸਾਨ ਹੋਇਆ ਹੈ। ਇਕਹਿਰੇ ਪਰਿਵਾਰਾਂ ਦੇ ਇਕੱਲੇ ਕਾਰੇ ਬੱਚੇ, ਜੋ ਹੋਸਟਲਾਂ ਵਿੱਚ ਪੜ੍ਹਦੇ ਹੋਏ, ਜ਼ਿੰਦਗੀ ਦੇ ਇਸ ਪੜਾਅ ਵਿੱਚ ਦਾਖਲ ਹੋ ਜਾਂਦੇ ਹਨ। ਉਹ ਪਰਿਵਾਰਕ ਰਿਸ਼ਤਿਆਂ ਤੋਂ ਕੋਰੇ ਹੁੰਦੇ ਹਨ। ਸਬਰ, ਸੰਤੋਖ ਤੇ ਸਹਿਨਸ਼ੀਲਤਾ ਵਰਗੇ ਗੁਣਾਂ ਤੋਂ ਸੱਖਣੇ ਹੁੰਦੇ ਹਨ। ਅਜੋਕੀ ਨਵੀਂ ਪੀੜ੍ਹੀ ਵਿੱਚ ਤਾਂ 'ਈਗੋ' ਹੀ ਏਨੀ ਹੈ ਕਿ, ਕੋਈ ਵੀ ਇੱਕ ਦੂਸਰੇ ਦੀ ਗੱਲ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ। ਇਸ ਸਥਿਤੀ ਵਿੱਚ, ਸੱਸ ਸਹੁਰੇ ਨਾਲ ਰਹਿਣਾ ਤਾਂ ਇੱਕ ਪਾਸੇ- ਲੜਕੀ ਆਪਣੇ ਜੀਵਨ ਸਾਥੀ ਨੂੰ ਛੱਡਣ ਦਾ ਫੈਸਲਾ ਵੀ ਇੱਕ ਸਕਿੰਟ ਵਿੱਚ ਕਰ ਲੈਂਦੀ ਹੈ। ਇਸੇ ਕਾਰਨ ਘਰ ਪਰਿਵਾਰ ਟੁੱਟ ਰਹੇ ਹਨ।

ਇੱਕ ਦਿਨ ਅਸੀਂ ਗਰੋਸਰੀ ਕਰਨ ਗਏ, ਤਾਂ ਪਾਰਕਿੰਗ ਵਿੱਚ ਸਾਡੇ ਬਰਾਬਰ ਹੀ ਇੱਕ ਹੋਰ ਗੱਡੀ ਰੁਕੀ ਹੋਈ ਸੀ। ਇਸ ਵਿੱਚ ਡਰਾਈਵਰ ਸੀਟ ਤੇ, ਇੱਕ ਨੌਜਵਾਨ ਫੈਸ਼ਨੇਬਲ ਲੜਕੀ ਬੈਠੀ ਸੀ, ਤੇ ਪਿੱਛੇ ਇੱਕ ਬਿਰਧ ਔਰਤ। ਕੁੱਝ ਪਲਾਂ ਵਿੱਚ ਹੀ ਇੱਕ ਬਜ਼ੁਰਗ ਗਰੌਸਰੀ ਕਰਕੇ ਆਇਆ, ਤੇ ਉਸਨੇ ਟਰੌਲੀ ਵਿੱਚੋਂ ਭਾਰੀ ਲਿਫਾਫੇ, ਬੜੀ ਮੁਸ਼ਕਲ ਨਾਲ ਚੁੱਕ ਕੇ, ਉਸ ਨਾਲ ਵਾਲੀ ਗੱਡੀ ਵਿੱਚ ਰੱਖੇ। ਮੈਨੂੰ ਬੜਾ ਤਰਸ ਆਇਆ ਤੇ ਗੁੱਸਾ ਵੀ ਆ ਰਿਹਾ ਸੀ ਕਿ- ਇਹ ਲੜਕੀ ਕਿਉਂ ਨਹੀਂ ਸੀਟ ਤੋਂ ਉੱਠ ਕੇ ਉਸ ਤੋਂ ਗਰੌਸਰੀ ਫੜਦੀ? ਮੈਂ ਆਪਣੀ ਪਰੇਸ਼ਾਨੀ ਬੇਟੇ ਨਾਲ ਜ਼ਾਹਰ ਕੀਤੀ ਤਾਂ ਉਸ ਕਿਹਾ- "ਇਹ ਉਸਦਾ ਸਹੁਰਾ ਹੋਏਗਾ ਵਿਚਾਰਾ। ਜੇ ਬਾਪ ਹੁੰਦਾ ਤਾਂ ਜਰੂਰ ਉਠ ਕੇ ਫੜਦੀ।"'ਲੋਹੜਾ ਆ ਗਿਆ! ਬਜ਼ੁਰਗ ਤਾਂ ਬਜ਼ੁਰਗ ਹੈ- ਬਾਪ ਹੋਵੇ ਜਾਂ ਸਹੁਰਾ?'ਮੈਂ ਸਾਰੇ ਰਸਤੇ ਸੋਚਦੀ ਰਹੀ।

ਆਦਮੀ 'ਮਕਾਨ' ਬਣਾਉਂਦਾ ਹੈ, ਪਰ ਉਸ ਨੂੰ 'ਘਰ' ਤਾਂ, ਔਰਤ ਬਣਾਉਂਦੀ ਹੈ। ਜੇ ਸਾਡੀਆਂ ਕੁੜੀਆਂ ਨੂੰ 'ਘਰ' ਬਨਾਉਣੇ ਭੁੱਲ ਗਏ ਤਾਂ ਇਹ ਰਿਸ਼ਤਿਆਂ ਤੋਂ ਸੱਖਣੇ 'ਘਰ', ਮੁੜ 'ਮਕਾਨ' ਬਣ ਜਾਣਗੇ। ਕੁੜੀਆਂ ਨੂੰ ਇਹ ਸਮਝਾਉਣ ਦੀ ਲੋੜ ਹੈ ਕਿ- ਜੇ ਇਹੀ ਵਰਤਾਓ, ਉਸ ਦੀ ਭਰਜਾਈ ਉਸ ਦੇ ਮਾਂ ਬਾਪ ਨਾਲ ਕਰੇ- ਤਾਂ ਉਸ ਤੇ ਕੀ ਬੀਤੇਗੀ? ਔਰਤ ਇਹ ਕਿਉਂ ਭੁੱਲ ਜਾਂਦੀ ਹੈ ਕਿ ਉਸ ਨੇ ਵੀ ਕੱਲ੍ਹ ਨੂੰ ਸੱਸ ਬਨਣਾ ਹੈ। ਜੇ ਇਹੀ ਸਲੂਕ, ਉਸ ਦੀ ਨੂੰਹ ਨੇ ਉਸ ਨਾਲ ਕੀਤਾ- ਤਾਂ ਉਸ ਦੀ ਕੀ ਹਾਲਤ ਹੋਏਗੀ? ਆਖਿਰ ਉਸ ਦਾ ਬੱਚਾ ਵੀ ਤਾਂ ਦੇਖ ਰਿਹੈ ਸਭ ਕੁੱਝ। ਉਸ ਨੇ ਵੀ ਤਾਂ ਮਾਪਿਆਂ ਦੇ ਪਾਏ ਪੂਰਨਿਆਂ ਤੇ ਹੀ ਚਲਣਾ ਹੈ। ਦੁਨੀਆਂ ਦਾ ਦਸਤੂਰ ਹੈ- "ਜੋ ਬੀਜੋਗੇ, ਉਹੀ ਵੱਢੋਗੇ।

ਅੱਜਕਲ ਕੁੱਝ ਨੂੰਹਾਂ ਪਰਿਵਾਰ ਵਿੱਚ ਰਹਿੰਦਿਆਂ ਹੋਇਆਂ ਵੀ, ਸਹੁਰੇ ਪਰਿਵਾਰ ਵਲੋਂ ਨਿਰਲੇਪ ਰਹਿੰਦੀਆਂ ਹਨ। ਵਰਤੋਂ ਕੇਵਲ ਪੇਕਿਆਂ ਨਾਲ ਹੀ ਰੱਖਦੀਆਂ ਹਨ। ਘਰ ਵਿੱਚ ਰਹਿਣ ਨਾਲ, ਉਹ ਸੱਸ ਦੇ ਸਿਰ

(ਬਾਕੀ ਸਫਾ 7 'ਤੇ)



# ਨਾਰੀ ਲਈ ਸਿੱਖਿਆ ਦਾ ਗਹਿਣਾ ਹੀ ਕਾਫੀ

ਪੁਰਾਣੇ ਸਮੇਂ ਤੋਂ ਹੀ ਔਰਤਾਂ ਆਪਣੇ ਆਪ ਨੂੰ ਸ਼ਿੰਗਾਰ ਕੇ ਰੱਖਣ ਲਈ ਤਰਸਦੀਆਂ ਰਹੀਆਂ ਹਨ। ਵੈਦਿਕ ਕਾਲ ਹੋਵੇ ਜਾਂ ਰਾਮਾਇਣ ਅਤੇ ਮਹਾਭਾਰਤ ਕਾਲ, ਔਰਤਾਂ ਗਹਿਣੇ ਪਹਿਨਣ ਦੀਆਂ ਸ਼ੌਕੀਨ ਰਹੀਆਂ ਹਨ ਅਤੇ ਆਪਣੀ ਸੁੰਦਰਤਾ ਲਈ ਹੀਰੇ, ਮੋਤੀ ਅਤੇ ਸੋਨੇ ਦੇ ਗਹਿਣੇ ਪਹਿਨਦੀਆਂ ਰਹੀਆਂ ਹਨ। ਮਾਤਾ ਸੀਤਾ ਅਤੇ ਮਾਤਾ ਪਾਰਵਤੀ ਵੀ ਗਹਿਣਿਆਂ ਦੀ ਵਰਤੋਂ ਕਰਦੇ ਸਨ। ਸਿੰਧੂ ਘਾਟੀ ਦੀ ਸੱਭਿਅਤਾ ਸਭ ਤੋਂ ਪੁਰਾਣੀ ਹੈ। ਇਸ ਨੂੰ ਵਿਸ਼ਵ ਦੀਆਂ ਵਿਕਸਤ ਸੱਭਿਅਤਾਵਾਂ ਵਿਚ ਗਿਣਿਆ ਜਾਂਦਾ ਹੈ। ਇਸ ਸੱਭਿਅਤਾ ਵਿਚ ਵੀ ਔਰਤਾਂ ਗਹਿਣੇ ਪਹਿਨਦੀਆਂ ਸਨ। ਹੜੱਪਾ ਅਤੇ ਮੋਹਜੋਦਾੜੋ ਵਿਖੇ ਖੁਦਾਈ ਦਰਸਾਉਂਦੀ ਹੈ ਕਿ ਗਹਿਣੇ ਪਹਿਨਣਾ ਇਕ ਔਰਤ ਦੀ ਲਾਲਸਾ ਸੀ। ਔਰਤਾਂ ਵੱਖ-ਵੱਖ ਧਾਤਾਂ ਦੇ ਗਹਿਣਿਆਂ ਦੀਆਂ ਬਹੁਤ ਸ਼ੌਕੀਨ ਸਨ। ਪਰ ਅੱਜ ਦੇ ਯੁੱਗ ਵਿਚ ਗਹਿਣਿਆਂ ਤੋਂ ਇਲਾਵਾ ਸਿੱਖਿਆ ਦਾ ਗਹਿਣਾ ਪਹਿਨਣ ਦੀ ਲੋੜ ਹੈ, ਜੋ ਸਾਰੇ ਗਹਿਣਿਆਂ ਨੂੰ ਪਛਾੜ ਸਕਦਾ ਹੈ। ਆਧੁਨਿਕ ਯੁੱਗ ਵਿਚ ਔਰਤ ਲਈ ਸਿੱਖਿਆ ਦਾ ਇਕ ਗਹਿਣਾ ਹੀ ਕਾਫੀ ਹੈ। ਉਸ ਨੂੰ ਵੱਧ ਤੋਂ ਵੱਧ ਸਿੱਖਿਅਤ ਕਰਨਾ ਚਾਹੀਦਾ ਹੈ, ਇਹ ਸਮਾਜ ਅਤੇ ਦੇਸ਼ ਦੀ ਤਰੱਕੀ ਲਈ ਜ਼ਰੂਰੀ ਹੈ।

ਵਿੱਦਿਆ ਦਾ ਗਹਿਣਾ ਪਹਿਨ ਕੇ ਔਰਤਾਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਖੇਤਰ ਵਿਚ ਉੱਚੀਆਂ ਉਡਾਰੀਆਂ ਮਾਰ ਸਕਦੀਆਂ ਹਨ। ਉਹ ਸਭ ਤੋਂ ਉੱਚੇ ਅਹੁਦੇ 'ਤੇ ਪਹੁੰਚ ਸਕਦੀਆਂ ਹਨ। ਆਪਣੇ ਪੈਰਾਂ 'ਤੇ ਖੜ੍ਹਾ ਹੋ ਕੇ ਤਰੱਕੀ ਵੱਲ ਵਧ ਸਕਦੀਆਂ ਹਨ। ਜਿੰਨਾ ਖਰਚ ਕਰੋਗੇ, ਵਿੱਦਿਆ ਦਾ ਖਜ਼ਾਨਾ ਵਧਦਾ ਰਹੇਗਾ, ਕੋਈ ਚੋਰ ਜਾਂ ਲੁਟੇਰਾ ਇਸ ਗਹਿਣੇ ਨੂੰ ਚੋਰੀ ਨਹੀਂ ਕਰ ਸਕਦਾ। ਪੜ੍ਹੀਆਂ-ਲਿਖੀਆਂ ਔਰਤਾਂ ਸਮਾਜ ਅਤੇ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੀਆਂ ਹਨ। ਅੱਜ ਇਕ ਪੜ੍ਹੀ-ਲਿਖੀ ਔਰਤ ਨੇ ਸਿੱਧ ਕਰ ਦਿੱਤਾ ਹੈ ਕਿ

ਉਹ ਕਾਬਲੀਅਤ ਵਿਚ ਕਿਸੇ ਮਰਦ ਤੋਂ ਘੱਟ ਨਹੀਂ ਹੈ। ਜੇਕਰ ਔਰਤ ਪੜ੍ਹੀ-ਲਿਖੀ ਹੋਵੇਗੀ ਤਾਂ ਉਸ ਦੇ ਆਉਣ ਵਾਲੇ ਬੱਚਿਆਂ ਦਾ ਭਵਿੱਖ ਵੀ ਸੁਨਹਿਰਾ ਹੋਵੇਗਾ। ਸਿੱਖਿਆ ਕਈ ਕਿਸਮਾਂ ਦੀ ਹੋ ਸਕਦੀ ਹੈ। ਅਕਾਦਮਿਕ, ਤਕਨੀਕੀ, ਸਰੀਰਕ ਰੱਖਿਆ, ਮੈਡੀਕਲ, ਵਕਾਲਤ, ਇੰਜਨੀਅਰਿੰਗ, ਕਿਹੜੇ ਖੇਤਰਾਂ ਵਿਚ ਔਰਤਾਂ ਨਹੀਂ ਬਾਜ਼ੀ ਮਾਰਦੀਆਂ?

ਔਰਤ ਲਈ ਸਭ ਤੋਂ ਵਧੀਆ ਗਹਿਣਾ ਗਿਆਨ ਹੈ। ਜਿਹੜੇ ਦੇਸ਼ ਔਰਤਾਂ ਦੀ ਆਜ਼ਾਦੀ, ਸੁਰੱਖਿਆ ਅਤੇ ਸਿੱਖਿਆ ਵੱਲ ਧਿਆਨ ਦਿੰਦੇ ਹਨ, ਉਹ ਤਰੱਕੀ ਦੀਆਂ ਬੁਲੰਦੀਆਂ 'ਤੇ ਪਹੁੰਚ ਜਾਂਦੇ ਹਨ। ਆਧੁਨਿਕ ਯੁੱਗ ਵਿਚ ਜਿਹੜੇ ਦੇਸ਼ ਔਰਤਾਂ ਦਾ ਸਨਮਾਨ ਨਹੀਂ ਕਰਦੇ ਅਤੇ ਉਨ੍ਹਾਂ ਨੂੰ ਤਰੱਕੀ ਦੇ ਮੌਕੇ ਨਹੀਂ ਦਿੰਦੇ, ਅਜਿਹੇ ਦੇਸ਼ ਅਲੋਪ ਹੋ ਜਾਂਦੇ ਹਨ। ਔਰਤਾਂ ਨੂੰ ਵੀ ਬਾਹਰੀ ਸੁੰਦਰਤਾ ਨੂੰ ਤਿਆਗ ਕੇ ਗਿਆਨ ਦਾ ਗਹਿਣਾ ਪਹਿਨਣਾ ਚਾਹੀਦਾ ਹੈ।

> *"ਜੋ ਬੰਦਾ ਜਾਂ ਇਨਸਾਨ ਆਪਣੇ ਮਾਂ ਪਿਓ ਨੂੰ ਦੁਰਕਾਰਦਾ ਹੈ, ਜਾਂ ਗਾਲੀ ਗਲੋਚ ਕਰਦਾ ਹੈ ਉਹ ਸੱਪ ਨਾਲੋਂ ਵੀ ਬੁਰਾ ਹੈ, ਉਹ ਆਪਣੀ ਬਰਾਦਰੀ ਜਾਂ ਭਾਈਚਾਰੇ ਨੂੰ ਕਿਸ ਤਰ੍ਹਾਂ ਕਾਇਮ ਰੱਖ ਸਕਦਾ ਹੈ।"*

## ਤੁਹਾਡੀ ਸਿਹਤ ਖਰਾਬ ਕਰ ਸਕਦੀ ਹੈ

# ਨੀਂਦ ਦੀ ਕਮੀ



ਚੰਗੀ ਖੁਰਾਕ ਅਤੇ ਚੰਗੀ ਜੀਵਨ ਸ਼ੈਲੀ ਦੇ ਨਾਲ-ਨਾਲ ਚੰਗੀ ਨੀਂਦ ਵੀ ਸਿਹਤ ਲਈ ਬਹੁਤ ਜ਼ਰੂਰੀ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ 7-8 ਘੰਟੇ ਦੀ ਨੀਂਦ ਸਿਹਤ ਲਈ ਫਾਇਦੇਮੰਦ ਹੁੰਦੀ ਹੈ। ਇਸ ਤੋਂ ਘੱਟ ਨੀਂਦ ਲੈਣ ਨਾਲ ਸਿਹਤ ਖ਼ਰਾਬ ਹੋ ਸਕਦੀ ਹੈ ਅਤੇ ਕਈ ਗੰਭੀਰ ਬੀਮਾਰੀਆਂ ਹੋ ਸਕਦੀਆਂ ਹਨ। ਹਾਲਾਂਕਿ ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚ ਕੰਮ ਦਾ ਬੋਝ ਇੰਨਾ ਵਧ ਗਿਆ ਹੈ ਕਿ ਸਾਨੂੰ ਸੌਣ ਦਾ ਵੀ ਸਮਾਂ ਨਹੀਂ ਮਿਲਦਾ, ਜੋ ਕਿ ਖਤਰਨਾਕ ਸਿੱਧ ਹੋ ਸਕਦਾ ਹੈ। ਧਿਆਨਯੋਗ ਹੈ ਕਿ ਕਈ ਖੋਜਾਂ ਨੇ ਇਹ ਸਿੱਧ ਕੀਤਾ ਹੈ ਕਿ ਨੀਂਦ ਦੀ ਕਮੀ ਸਰੀਰ ਵਿਚ ਕਈ ਬੀਮਾਰੀਆਂ ਦਾ ਕਾਰਨ ਬਣਦੀ ਹੈ। ਅਜਿਹੇ 'ਚ ਜੋ ਲੋਕ ਘੱਟ ਸੌਂਦੇ ਹਨ ਜਾਂ ਨੀਂਦ ਦੀ ਕਮੀ ਤੋਂ ਪੀੜਤ ਹਨ, ਉਨ੍ਹਾਂ ਨੂੰ ਆਪਣੀ ਸਿਹਤ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਜੇਕਰ ਅਜਿਹੇ ਲੋਕ ਆਪਣੇ ਸਰੀਰ ਨੂੰ ਢੁਕਵਾਂ ਆਰਾਮ ਨਹੀਂ ਦਿੰਦੇ ਤਾਂ ਉਨ੍ਹਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ 7-8 ਘੰਟੇ ਦੀ ਨੀਂਦ ਬਹੁਤ ਜ਼ਰੂਰੀ ਹੈ। ਜੇਕਰ ਕੋਈ ਵਿਅਕਤੀ 6 ਘੰਟੇ ਤੋਂ ਘੱਟ ਸੌਂਦਾ ਹੈ ਤਾਂ ਉਹ ਕਈ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਉਦਾਹਰਣ ਵਜੋਂ, ਇਹ ਮੋਟਾਪਾ ਅਤੇ ਸ਼ੂਗਰ ਵਰਗੀਆਂ ਬੀਮਾਰੀਆਂ ਦੇ ਜੋਖਮ ਨੂੰ ਵਧਾਉਂਦਾ ਹੈ। ਨੀਂਦ ਦੀ ਕਮੀ ਨਾਲ ਸਰੀਰ ਵਿਚ ਕੋਰਟੀਸੋਲ ਅਤੇ ਲੇਪਟਿਨ ਨਾਮਕ ਹਾਰਮੋਨਸ ਦਾ ਪੱਧਰ ਵਧ ਜਾਂਦਾ ਹੈ। ਇਸ ਨਾਲ ਬਹੁਤ ਜ਼ਿਆਦਾ ਭੁੱਖ ਲੱਗਦੀ ਹੈ ਅਤੇ ਮੋਟਾਪਾ ਅਤੇ ਸ਼ੂਗਰ ਦੀ ਸਮੱਸਿਆ ਹੋ ਜਾਂਦੀ ਹੈ।

**ਰੋਗ ਪ੍ਰਤੀਰੋਧਕ ਸਮਰੱਥਾ ਹੁੰਦੀ ਹੈ ਕਮਜ਼ੋਰ** : ਡਾਕਟਰਾਂ ਮੁਤਾਬਕ ਜੇਕਰ ਸਰੀਰ ਨੂੰ ਚੰਗੀ ਨੀਂਦ ਨਾ ਮਿਲੇ ਤਾਂ ਇਮਿਊਨ ਸਿਸਟਮ ਕਮਜ਼ੋਰ 'ਹੋ ਜਾਂਦਾ ਹੈ। ਇਸ ਦਾ ਸਿੱਧਾ ਅਸਰ ਬੈਕਟੀਰੀਆ ਦੇ ਨਾਲ-ਨਾਲ ਇਨਫੈਕਸ਼ਨ ਨਾਲ ਲੜਨ ਦੀ ਸਮਰੱਥਾ 'ਤੇ ਵੀ ਪੈਂਦਾ ਹੈ। ਜਿਨ੍ਹਾਂ ਦੀਆਂ ਖਾਣ-ਪੀਣ ਦੀਆਂ ਆਦਤਾਂ, ਨੀਂਦ ਅਤੇ ਜੀਵਨ ਸ਼ੈਲੀ ਚੰਗੀ ਹੁੰਦੀ ਹੈ, ਉਨ੍ਹਾਂ ਦਾ ਇਮਿਊਨ ਸਿਸਟਮ ਵੀ ਚੰਗੀ ਤਰ੍ਹਾਂ ਕੰਮ ਕਰਦਾ ਹੈ। ਜੇਕਰ ਤੁਸੀਂ ਵਾਰ-ਵਾਰ ਬੀਮਾਰ ਹੋ ਰਹੇ ਹੋ, ਤਾਂ ਇਹ ਨੀਂਦ ਦੀ ਕਮੀ ਦੇ ਕਾਰਨ ਹੋ ਸਕਦਾ ਹੈ।

**ਯਾਦਸ਼ਕਤੀ 'ਤੇ ਅਸਰ** : ਨੀਂਦ ਦੀ ਕਮੀ ਦਾ ਸਿੱਧਾ ਅਸਰ ਦਿਮਾਗ 'ਤੇ ਪੈਂਦਾ ਹੈ। ਕਈ ਅਧਿਐਨਾਂ ਵਿਚ ਇਹ ਸਿੱਧ ਹੋ ਚੁੱਕਾ ਹੈ ਕਿ ਨੀਂਦ ਦੀ ਕਮੀ ਨਾਲ ਸਰੀਰ ਵਿਚ ਸੋਜ ਆ ਜਾਂਦੀ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਖ਼ਤਰਨਾਕ ਪ੍ਰੋਟੀਨ ਸਰੀਰ 'ਤੋਂ ਬਾਹਰ ਨਹੀਂ ਨਿਕਲ ਪਾਉਂਦੇ, ਜਿਸ ਦਾ ਸਿੱਧਾ ਅਸਰ ਯਾਦਸ਼ਕਤੀ 'ਤੇ ਪੈਂਦਾ ਹੈ। ਇਸ ਨਾਲ ਦਿਮਾਗ ਨਾਲ ਜੁੜੀਆਂ ਕਈ ਬੀਮਾਰੀਆਂ ਦਾ ਖਤਰਾ ਵਧ ਜਾਂਦਾ ਹੈ।

## ਪੇਟ ਦੇ ਰੋਗ ਲਈ ਰਾਮਬਾਣ ਹੈ

# ਮੇਥੀ



ਮੇਥੀ ਦੀ ਵਰਤੋਂ ਸਬਜ਼ੀ ਅਤੇ ਘਰੇਲੂ ਦਵਾਈ ਵਜੋਂ ਪ੍ਰਾਚੀਨ ਕਾਲ ਤੋਂ ਹੁੰਦੀ ਰਹੀ ਹੈ। ਖਰਾਬ ਪਾਚਨ ਵਾਲੇ ਵਿਅਕਤੀਆਂ ਲਈ ਇਹ ਉਪਯੋਗੀ ਹੈ। ਮੇਥੀ ਦੀ ਵਰਤੋਂ ਨਾਲ ਮੂੰਹ ਦੀ ਲਾਰ ਗ੍ਰੰਥੀਆਂ ਉਤੇਜਿਤ ਹੋ ਕੇ ਲਾਰ ਵਧਾ ਦਿੰਦੀਆਂ ਹਨ, ਜਿਸ ਨਾਲ ਪਾਚਨ ਕਿਰਿਆ ਆਦਿ ਨੂੰ ਸਹਾਇਤਾ ਮਿਲਦੀ ਹੈ।

ਅੰਤੜਿਆਂ ਨੂੰ 'ਯਕ੍ਰਿਤ ਪਿਤ' ਭਰਪੂਰ ਮਿਲਣ ਨਾਲ ਭੋਜਨ ਦਾ ਪਾਚਨ ਸੁਚਾਰੂ ਤੌਰ 'ਤੇ ਹੁੰਦਾ ਹੈ, ਨਾਲ ਹੀ ਬਦਹਜ਼ਮੀ ਕਾਰਨ ਹੋਣ ਵਾਲੇ ਹਾਨੀਕਾਰਕ ਸੂਖਮ ਕੀਟਾਣੂਆਂ ਦੀ ਪੈਦਾਵਾਰ ਨਹੀਂ ਹੋ ਸਕਦੀ। ਮੇਥੀ 'ਚ ਪਾਏ ਜਾਣ ਵਾਲੇ ਤੇਲ ਅਤੇ ਫਾਸਫੋਰਿਸ ਐਸਿਡ ਨਾਲ ਪੇਟ ਤੇ ਸਰੀਰ ਨੂੰ ਮਿਲਦੀ ਹੈ, ਜਿਸ ਨਾਲ ਅਫਾਰਾ, ਪੇਟਦਰਦ, ਬਦਹਜ਼ਮੀ ਦੂਰ ਹੁੰਦੇ ਹਨ। ਇਹ ਭੋਜਨ 'ਚੋਂ ਰਸ ਦਾ ਕਾਫੀ ਸ਼ੋਸ਼ਣ ਕਰਾਉਂਦੀ ਹੈ, ਜਿਸ ਨਾਲ ਮਲ 'ਚ ਗਾੜ੍ਹਾਪਨ ਆਉਂਦਾ ਹੈ। ਨਾਲ ਹੀ ਅੰਤੜੀਆਂ ਦੀ ਪੁਰ : ਸਰਣ ਗਤੀ ਨੂੰ ਨਿਯਮਿਤ ਬਣਾਉਂਦੀ ਹੈ, ਜਿਸ ਕਾਰਨ ਕਬਜ਼ ਨਹੀਂ ਹੁੰਦੀ। ਸੁਚਾਰੂ ਪਾਚਨ ਕਾਰਨ ਭੋਜਨ ਤੋਂ ਸ਼ੋਸ਼ਿਤ ਰਸ, ਸਿਹਤ ਲਈ ਜ਼ਰੂਰੀ ਤੱਤਾਂ ਨਾਲ ਭਰਪੂਰ ਹੁੰਦਾ ਹੈ।

ਮੇਥੀ 'ਚ ਐਂਟੀ ਰਿਊਮੇਟਿਕ ਤਰਲ ਟੋਈ ਮੇਥਿਲੇਮਿਨ ਪਾਇਆ ਜਾਂਦਾ ਹੈ, ਜਿਸ ਕਾਰਨ ਆਮਵਾਤ 'ਚ ਲਾਭ ਪਹੁੰਚਾਉਂਦੀ ਹੈ। ਇਹ ਹੋਰ ਸਰੀਰਕ ਵਿਕਾਰਾਂ ਜਿਵੇਂ ਕਬਜ਼, ਅਫਾਰਾ, ਜ਼ੁਕਾਮ ਆਦਿ ਨੂੰ ਵੀ ਦੂਰ ਕਰਦੀ ਹੈ। ਮੇਥੀ ਦੀ ਵਰਤੋਂ ਕਰਨ ਨਾਲ ਸ਼ੂਗਰ ਹੋਣ ਦੀ ਸੰਭਾਵਨਾ ਕੁਝ ਹੱਦ ਤੱਕ ਘੱਟ ਜਾਂਦੀ ਹੈ। ਕਈ ਸੂਬਿਆਂ 'ਚ ਪ੍ਰਸੂਤ ਹੋਣ ਪਿੱਛੋਂ ਔਰਤਾਂ ਨੂੰ ਮੇਥੀ ਲੱਡੂ ਖੁਆਏ ਜਾਂਦੇ ਹਨ, ਇਸ ਨਾਲ ਕੁਦਰਤੀ ਸਥਿਤੀ ਪ੍ਰਾਪਤ ਕਰਨ 'ਚ ਔਰਤਾਂ ਨੂੰ ਮਦਦ ਮਿਲਦੀ ਹੈ।

**ਸੱਟ ਲੱਗਣ 'ਤੇ** : ਕਿਸੇ ਵੀ ਵਸਤੂ ਦੇ ਜ਼ਖਮ ਨਾਲ ਜਾਂ ਡਿੱਗਣ 'ਤੇ ਲੱਗੀ ਸੱਟ ਤੋਂ ਪੈਂਦਾ ਸੋਜ ਅਤੇ ਦਰਦ ਹੋਣ 'ਤੇ ਮੇਥੀ ਦੇ ਦਾਣਿਆਂ ਦੀ ਪੁਲਟਿਸ ਜਾਂ ਮੇਥੀ ਦੇ ਬੀਜਾਂ ਦਾ ਚੂਰਨ ਅਤੇ ਇਕ ਚੌਥਾਈ ਆਟਾ, ਘਿਓ ਲਾ ਕੇ ਪ੍ਰਭਾਵਿਤ ਸਥਾਨ 'ਤੇ ਬੰਨ੍ਹਣ ਨਾਲ ਲਾਭ ਹੁੰਦਾ ਹੈ।

**ਕਬਜ਼** : ਮੇਥੀ ਦਾ ਚੂਰਨ ਤਿੰਨ-ਤਿੰਨ ਗ੍ਰਾਮ ਸਵੇਰੇ ਸ਼ਾਮ ਗੁੜ ਜਾਂ ਪਾਣੀ ਨਾਲ ਕੁਝ ਦਿਨਾਂ ਤੱਕ ਲੈਣ ਨਾਲ ਪੇਟ ਸਾਫ ਰਹਿਣ ਲੱਗਦਾ ਹੈ। ਮੇਥੀ ਕਮਜ਼ੋਰ ਲਿਵਰ ਨੂੰ ਬਲ ਪ੍ਰਦਾਨ ਕਰਦੀ ਹੈ।

**ਬਹੁਮੂਤਰ** : ਮੇਥੀ ਦੇ ਦਾਣਿਆਂ ਦਾ ਰਸ 20 ਤੋਂ 50 ਮਿਲ ਮੀਟਰ 500 ਮਿ.ਗ੍ਰਾ ਕੱਥਾ ਅਤੇ 5 ਤੋਂ 10 ਗ੍ਰਾਮ ਮਿਸ਼ਰੀ ਮਿਲਾ ਕੇ ਸਵੇਰੇ ਇਕ ਤੋਂ ਦੋ ਹਫਤੇ ਤਕ ਵਰਤਣ ਨਾਲ ਇਸ 'ਚ ਲਾਭ ਮਿਲਦਾ ਹੈ।

**ਨੋਟ** : ਇਸ ਵਿਕਾਰ 'ਚ ਲਿਵਰ ਦੀ ਕਮਜ਼ੋਰੀ ਇਕ ਮੁੱਖ ਕਾਰਨ ਹੈ। ਇਸ ਲਈ ਲਿਵਰ ਕਮਜ਼ੋਰ ਹੋਵੇ ਤਾਂ ਅਜਿਹੇ ਵਿਅਕਤੀਆਂ ਨੂੰ ਘਿਓ, ਤੇਲ ਤੇ ਸ਼ੱਕਰ ਨਾਲ ਬਣੇ ਪਦਾਰਥ ਘੱਟ ਤੋਂ ਘੱਟ ਲੈਣੇ ਚਾਹੀਦੇ ਹਨ।

**ਜੀਰਣ ਆਮਾਤਿਸਾਰ** : ਮੇਥੀ ਦੇ ਦਾਣਿਆਂ ਦਾ ਰਸ 40 ਮਿ.ਲੀ. ਤੇ ਸ਼ੱਕਰ 5 ਗ੍ਰਾਮ ਮਿਲਾ ਕੇ ਪਿਆਉਣ ਜਾਂ ਮੇਥੀ ਦਾ ਚੂਰਨ ਚਾਰ ਚਾਰ ਗ੍ਰਾਮ ਸਵੇਰੇ ਸ਼ਾਮ ਲੱਸੀ 'ਚ ਮਿਲਾ ਕੇ ਰੁਚੀ ਅਨੁਸਾਰ ਭੁੰਨਿਆ ਜ਼ੀਰਾ ਅਤੇ ਸੇਂਧਾ ਨਮਕ ਇਸ 'ਚ ਮਿਲਾ ਕੇ ਵਰਤਣ ਨਾਲ ਇਸ ਰੋਗ 'ਚ ਕਾਫੀ ਲਾਭ ਮਿਲਦਾ ਹੈ।

**ਜੀਰਣ ਆਮਵਾਤ** : ਮੇਥੀ ਦੇ ਦਾਣੇ ਦੋ ਛੋਟੇ ਚੱਮਚ, ਅਦਰਕ ਟੁਕੜਾ 5 ਗ੍ਰਾਮ, ਲਸਣ 5 ਗ੍ਰਾਮ, ਨਮਕ ਲੋੜ ਅਨੁਸਾਰ ਮਿਲਾ ਕੇ ਚਟਨੀ ਵਾਂਗ ਤਾਜ਼ਾ ਤਿਆਰ ਕਰ ਕੇ ਸੇਵਨ ਕਰਾਉਣਾ ਬਹੁਤ ਫਾਇਦੇਮੰਦ ਹੁੰਦਾ ਹੈ।

**ਸਾਵਧਾਨੀ** : ਰਕਤਪਿਤ ਤੋਂ ਪੀੜਤ ਰੋਗੀਆਂ ਤੇ ਬੇਔਲਾਦ ਨੌਜਵਾਨ ਮਰਦਾਂ ਨੂੰ ਜੋ ਘੱਟ ਸ਼ੁਕਰਾਣੂ (ਓਲਿਗੋਸਪਰਮੀਆ) ਸਮੱਸਿਆ ਤੋਂ ਪੀੜਤ ਹੋਣ, ਨੂੰ ਮੇਥੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਹੈ।

—ਵੈਦ ਰਾਜੇਸ਼ ਸ਼ਰਮਾ

## ਚਿਹਰੇ ਦੀਆਂ ਝੁਰੜੀਆਂ ਸਾਫ ਕਰਨ ਦਾ ਦਾਅਵਾ

# ਬੱਕਰੀ ਦੇ ਦੁੱਧ ਤੋਂ ਬਣੇ ਸਾਬਣ ਨਾਲ




ਮੱਧ ਪ੍ਰਦੇਸ਼ ਤੇ ਉੱਤਰ ਪ੍ਰਦੇਸ਼ ਦੀਆਂ ਪੇਂਡੂ ਔਰਤਾਂ ਵੱਲੋਂ ਬੱਕਰੀ ਦੇ ਦੁੱਧ ਤੋਂ ਤਿਆਰ ਕੀਤਾ ਜਾ ਰਿਹਾ ਕੈਮੀਕਲ ਮੁਕਤ ਸਾਬਣ ਇਨ੍ਹੀਂ ਦਿਨੀਂ ਸੁਰਖੀਆਂ 'ਚ ਹੈ।

ਕਿਹਾ ਜਾ ਰਿਹਾ ਹੈ ਕਿ ਇਹ ਸਾਬਣ ਵਧਦੀ ਉਮਰ ਨਾਲ ਵਿਖਾਈ ਦੇਣ ਵਾਲੀਆਂ ਝੁਰੜੀਆਂ ਨੂੰ ਘੱਟ ਕਰਦਾ ਹੈ। ਚਿਹਰੇ 'ਤੇ ਮੇਕਅਪ ਜਾਂ ਕਿਸੇ ਹੋਰ ਕਾਰਨ ਹੋਣ ਵਾਲੇ ਮੁਹਾਸਿਆਂ ਨੂੰ ਵੀ ਦੂਰ ਕਰਦਾ ਹੈ। ਇਸ ਕਾਰਨ ਹੁਣ ਬਾਲੀਵੁੱਡ 'ਚ ਇਸ ਸਾਬਣ ਦੀ ਕਾਫੀ ਮੰਗ ਹੈ। ਛੋਟੇ ਜਿਹੇ ਕਮਰੇ 'ਚ ਤਿਆਰ ਹੋਣ ਵਾਲੇ ਇਸ ਸਾਬਣ ਦੀ ਖਾੜੀ ਦੇਸ਼ਾਂ 'ਚ ਵੀ ਮੰਗ ਹੈ।


**ਔਰਤਾਂ ਤਿਆਰ ਕਰ ਰਹੀਆਂ ਹਨ ਇਹ ਸਾਬਣ**: ਬੱਕਰੀ ਦੇ ਦੁੱਧ ਦਾ ਸਾਬਣ ਸੋਨਾਂਚਲ ਦੀਆਂ ਔਰਤਾਂ ਦੇ ਗਰੁੱਪ 'ਪ੍ਰੇਰਨਾ' ਪ੍ਰੋਡਕਸ਼ਨ ਹਾਊਸ' ਵਲੋਂ ਤਿਆਰ ਕੀਤਾ ਜਾਂਦਾ ਹੈ। ਦਾਅਵਾ ਕੀਤਾ ਜਾਂਦਾ ਹੈ ਕਿ ਇਸ ਸਾਬਣ ਦੀ ਵਰਤੋਂ ਨਾਲ ਝੁਰੜੀਆਂ ਅਤੇ ਮੁਹਾਸੇ ਦੂਰ ਹੋ ਜਾਂਦੇ ਹਨ।

ਮੀਡੀਆ ਰਿਪੋਰਟਾਂ ਮੁਤਾਬਕ ਪਿਛਲੇ ਸਾਲ ਨਰਾਤਿਆਂ ਦੌਰਾਨ ਰਾਬਰਟਸ ਗੰਜ ਅਤੇ ਚਤਰਾ ਬਲਾਕ ਦੀਆਂ 24 ਔਰਤਾਂ ਨੇ ਇਸ ਤਰ੍ਹਾਂ ਦਾ ਸਾਬਣ ਬਣਾਉਣਾ ਸ਼ੁਰੂ ਕੀਤਾ ਸੀ।

ਨੈਸ਼ਨਲ ਦਿਹਾਤੀ ਰੋਜ਼ੀ-ਰੋਟੀ ਮਿਸ਼ਨ ਦੇ ਜ਼ਿਲਾ ਮੈਨੇਜਰ ਐੱਮ. ਜੀ. ਰਵੀ ਨੇ ਮੀਡੀਆ ਨੂੰ ਦੱਸਿਆ ਕਿ ਇਸ ਸਾਬਣ ਨੂੰ ਬਣਾਉਣ ਲਈ ਬੱਕਰੀ ਦੇ ਦੁੱਧ ਦੇ ਨਾਲ ਨਾਰੀਅਲ ਦਾ ਤੇਲ, ਵਿਟਾਮਿਨ 'ਈ' ਅਤੇ ਗਲਿਸਰੀਨ ਦਾ ਮਿਸ਼ਰਣ ਵੀ ਵਰਤਿਆ ਜਾਂਦਾ ਹੈ। ਹੁਣ ਇਸ ਦੀ ਮੰਗ ਮੁੰਬਈ ਤੇ ਦਿੱਲੀ ਦੇ ਨਾਲ ਹੀ ਪੱਛਮੀ ਬੰਗਾਲ ਤੇ ਉਤਰਾਖੰਡ ਤੋਂ ਵੀ ਆ ਰਹੀ ਹੈ। ਦੱਸਿਆ ਜਾਂਦਾ ਹੈ ਕਿ ਮੱਧ ਪ੍ਰਦੇਸ਼ ਦੇ ਖੰਡਵਾ ਜ਼ਿਲੇ 'ਚ ਵੀ ਸੈਂਕੜੇ ਔਰਤਾਂ ਅਜਿਹੇ ਗਰੁੱਪਾਂ 'ਚ ਸ਼ਾਮਲ ਹੋ ਕੇ ਹਰ ਖੇਤਰ 'ਚ ਕੰਮ ਕਰ ਰਹੀਆਂ ਹਨ। ਇਸ ਦੇ ਨਾਲ ਹੀ 'ਜਾਵਰ ਮਹਿਲਾ ਗਰੁੱਪ' ਵੱਲੋਂ ਵੀ ਬੱਕਰੀ ਦੇ ਦੁੱਧ ਤੋਂ ਉੱਚ ਗੁਣਵੱਤਾ ਵਾਲਾ ਸਾਬਣ ਬਣਾਇਆ ਜਾ ਰਿਹਾ ਹੈ।

**ਸਾਬਣ ਦੀ ਕੀਮਤ 49 ਰੁਪਏ** : ਮੁੰਬਈ ਦੇ ਕਾਰੋਬਾਰੀ ਮਹੇਸ਼ ਪਟੇਲ ਦਾ ਗਰੁੱਪ ਇਸ ਸਾਬਣ ਨੂੰ ਸਾਊਦੀ ਅਰਬ, ਕਤਰ ਅਤੇ ਹੋਰ ਖਾੜੀ ਦੇਸ਼ਾਂ ਨੂੰ ਬਰਾਮਦ ਕਰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬਾਲੀਵੁੱਡ ਦੇ ਅਦਾਕਾਰਾਂ ਦੇ ਨਾਲ-ਨਾਲ ਟੀ. ਵੀ. ਅਭਿਨੇਤਰੀਆਂ ਵੀ ਸਾਬਣ ਖਰੀਦਣ ਲਈ ਉਨ੍ਹਾਂ ਕੋਲ ਆਉਂਦੀਆਂ ਹਨ। ਇਕ ਸਾਬਣ ਦੀ ਕੀਮਤ 49 ਰੁਪਏ ਹੈ। ਇਸ ਦੀ ਮੰਗ ਲਗਾਤਾਰ ਵਧ ਰਹੀ ਇਸ ਸਬੰਧੀ ਜਾਣਕਾਰੀ ਦਿੰਦਿਆਂ ਯੂਨਾਨੀ ਅਤੇ ਆਯੁਰਵੈਦਿਕ ਹਸਪਤਾਲ ਲੋਧੀ ਦੇ ਜ਼ਿਲਾ ਆਯੁਰਵੇਦ ਅਫ਼ਸਰ ਡਾ. ਜੋਤੀਜਰਯ ਕੁਮਾਰ ਨੇ ਦੱਸਿਆ ਕਿ ਬੱਕਰੀ ਦੇ ਦੁੱਧ 'ਚ ਟੀਕਾਕਰਨ ਦੀ ਪ੍ਰਕਿਰਿਆ ਵਧੇਰੇ ਹੁੰਦੀ ਹੈ। ਇਹ ਚਮੜੀ ਨੂੰ ਦਿਲਖਿਚਵਾਂ ਬਣਾਉਂਦਾ ਹੈ। ਇਸ ਨਾਲ ਚਿਹਰੇ ਤੋਂ ਦਾਗ- ਧੱਬੇ ਅਤੇ ਮੁਹਾਸੇ ਦੂਰ ਹੋ ਜਾਂਦੇ ਹਨ।

# ਬੁੱਧ ਜਦੋਂ ਬਣਵਾਸੀ ਹੋ ਗਏ...




ਬੁੱਧ ਦੇ ਗ੍ਰਹਿ ਤਿਆਗ ਦੇ ਫ਼ੈਸਲੇ ਨਾਲ ਰਾਜਾ ਸ਼ੁਧੋਦਨ ਦੇ ਸਾਰੇ ਪਰਿਵਾਰ ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਸੀ।ਪਿਤਾ ਨੇ ਸਮਝਾਇਆ,ਮਾਤਾ ਗੌਤਮੀ ਨੇ ਤਰਲੇ ਪਾਏ।ਮਨੁੱਖਤਾ ਦੀ ਪੀੜ ਨੂੰ ਸਮਝਣ ਵਾਲੀ ਅਤੇ ਪੀੜਤ ਲੋਕਾਈ ਦੀ ਸੇਵਾ ਕਰਨ ਵਾਲੀ ਯਸ਼ੋਧਰਾ ਵੀ ਚਾਹੁੰਦੀ ਸੀ ਕਿ ਦੁੱਖਾਂ ਅਤੇ ਸਮੱਸਿਆਵਾਂ ਵਿਚ ਦਿਨ ਰਾਤ ਪਿਸ ਰਹੀ ਲੋਕਾਈ ਨੂੰ ਸੱਚਾ ਹਮਦਰਦ ਅਤੇ ਮਿੱਤਰ ਮਿਲੇ। ਪਰ ਉਸਨੂੰ ਇਹ ਨਹੀਂ ਸੀ ਪਤਾ ਕਿ ਉਸਦਾ ਆਪਣਾ ਰਾਜ ਕੁਮਾਰ ਪਤੀ ਹੀ ਇਹ ਸੰਕਲਪ ਲੈ ਲਵੇਗਾ। ਦੁਵਿਧਾ ਵਿੱਚ ਫ਼ਸ ਗਈ। ਜੇਕਰ ਰੋਕਦੀ ਹੈ ਤਾਂ ਦੁੱਖਾਂ ਦੇ ਨਰਕ ਵਿੱਚ ਤੜਫ ਰਹੀ ਲੋਕਾਈ ਲਈ ਆਸਰੇ ਦੀ ਉਮੀਦ ਖ਼ਤਮ ਹੋ ਜਾਵੇਗੀ। ਜੇਕਰ ਵਿਦਾ ਕਰਦੀ ਹੈ ਤਾਂ ਉਸਦਾ ਪਰਿਵਾਰ ਪੁੱਤਰ ਸੁੱਖ ਤੋਂ, ਰਾਹੁਲ ਪਿਤਾ ਦੇ ਸੁੱਖ ਤੋਂ ਅਤੇ ਉਸਦੀ ਜਵਾਨ ਜਹਾਨ ਗ੍ਰਹਿਸਥੀ ਸੇਜ ਵੀ ਸੁੰਨੀ ਹੋ ਜਾਵੇਗੀ। ਉਸਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸਿਧਾਰਥ ਦ੍ਰਿੜ ਇਰਾਦੇ ਵਾਲਾ ਨਵੀਆਂ ਰਾਹਾਂ ਦੀ ਤਲਾਸ਼ ਦਾ ਰਾਹੀ ਹੈ। ਜਿਸਦੇ ਮਨ ਵਿੱਚ ਸਿਰਫ ਤੇ ਸਿਰਫ ਸਾਰੀ ਮਨੁੱਖਤਾ ਦੀ ਬਗ਼ੈਰ ਕਿਸੇ ਭੇਦ-ਭਾਵ ਦੇ ਭਲਾਈ ਦੀ ਇੱਛਾ ਹੈ।

ਮਾਤਾ ਗੌਤਮੀ ਨੇ ਰਾਜ ਕੁਮਾਰ ਨੂੰ ਆਪਣਾ ਫ਼ੈਸਲਾ ਬਦਲ ਲੈਣ ਲਈ ਤਰਲੇ ਪਾਏ, "ਪੁੱਤਰ ਇਹ ਮਹਿਲ ਤੇਰੇ ਤੋਂ ਬਗ਼ੈਰ ਮੜ੍ਹੀਆਂ ਵਾਂਗੂ ਲੱਗਣਗੇ। ਫੈਸਲਾ ਬਦਲ ਲੈ।'' ਕੀ ਕਰਨੇ ਅਸੀਂ ਮਹਿਲ। ਕਪਿਲਵਸਤੂ ਵਾਲੇ ਸਾਡਾ ਰਾਜ ਭਾਗ ਤੇ ਖੇਤ ਜ਼ਬਤ ਕਰਦੇ ਨੇ ਤਾਂ ਕਰ ਲੈਣ। ਅਸੀਂ ਕੌਸਲ ਰਾਜ ਦੀ ਸ਼ਰਨ ਵਿੱਚ ਚਲੇ ਜਾਵਾਂਗੇ।..ਨਾ ਜਾ ਮੇਰੇ ਪਿਆਰੇ ਪੁੱਤਰ..ਨਾ ਜਾ।"

''ਇਹ ਦੁੱਖ- ਦਰਦ,ਇਹ ਲੜਾਈਆਂ- ਫ਼ਸਾਦ, ਇਹ ਈਰਖਾ-ਦਵੇਸ਼ ਅਤੇ ਇਹ ਸਵਾਰਥ ਤੇ ਲੋਭ ਤਾਂ ਕੌਸਲ ਰਾਜ ਵਿੱਚ ਵੀ ਹੈ। ਜਿਹੜੇ ਹਾਲਾਤ ਕਪਿਲਵਸਤੂ ਵਿੱਚ ਹਨ ਉਹੀ ਕੌਸਲਰਾਜ ਵਿੱਚ ਹਨ। ਸਾਰਾ ਸੰਸਾਰ ਹੀ ਆਪਸੀ ਵੈਰ-ਵਿਰੋਧ ਤੇ ਦੁੱਖਾਂ ਦੀ ਅਨੰਤਤਾ ਨਾਲ ਭਰਿਆ ਪਿਆ ਹੈ।...ਮਾਤਾ, ਕਿਤੇ ਵੀ ਸੁੱਖ ਤੇ ਚੈਨ ਨਹੀਂ ਹੈ। "ਸਿਧਾਰਥ ਨੇ ਉੱਤਰ ਦਿੱਤਾ।

ਪਿਤਾ ਨੇ ਕਿਹਾ, "ਰਾਜ ਕੁਮਾਰ,ਤੇਰੀ ਇਸ ਪਰਿਵਾਰ ਨੂੰ ਤੇ ਜਨਤਾ ਨੂੰ ਬਹੁਤ ਲੋੜ ਹੈ। ਤੂੰ ਨਾ ਜਾਹ ਅਤੇ ਰਾਜ ਭਾਗ ਨੂੰ ਸੰਭਾਲ।"

ਰਾਜ ਕੁਮਾਰ ਨੇ ਆਪਣੇ ਮਨ ਦੀ ਹਾਲਤ ਨੂੰ ਬਿਆਨਦਿਆਂ ਕਿਹਾ, "ਪਿਤਾ ਜੀ,ਮੇਰਾ ਮਨ ਸ਼ਾਂਤ ਨਹੀਂ ਹੈ। ਅਸ਼ਾਂਤ ਵਿਅਕਤੀ ਜਨਤਾ ਦੇ ਨਾਲ ਨਿਆਂ ਅਤੇ ਇਨਸਾਫ਼ ਨਹੀਂ ਕਰ ਸਕੇਗਾ।"

"ਪੁੱਤਰ , ਸਾਡੀ ਕੁੱਲ ਵਿੱਚ ਦੇ ਇਤਿਹਾਸ ਵਿੱਚ ਤੇਰੀ ਉਮਰੇ ਕੋਈ ਸੰਨਿਆਸੀ ਨਹੀਂ ਬਣਿਆ।"

"ਪਿਤਾ ਜੀ, ਸਮਾਂ ਬੜੀ ਤੇਜ਼ੀ ਨਾਲ ਸਿਰਪੱਟ ਦੌੜਦਾ ਚਲਾ ਜਾ ਰਿਹਾ ਹੈ। ਮੇਰਾ ਜੋਬਨ ਵੀ ਕੱਲ੍ਹ ਤੱਕ ਢੱਲ ਜਾਣਾ ਹੈ। ਚੰਗੇ ਕੰਮਾਂ ਲਈ ਉਚਿੱਤ ਸਮੇਂ ਨੂੰ ਉਡੀਕਦਿਆਂ ਉਮਰਾਂ ਲੰਘ ਜਾਂਦੀਆਂ ਨੇ।"

ਮਾਂ ਵੀ ਬੇਵੱਸ ਤੇ ਪਿਤਾ ਵੀ ਬੇਵਾਹ। ਜਵਾਨ ਪੁੱਤਰ ਹੱਥਾਂ ਵਿੱਚੋਂ ਖਿਸਕਦਾ ਜਾ ਰਿਹਾ ਸੀ।

ਸਿਧਾਰਥ ਦਾ ਰੱਥਵਾਨ ਛੰਨ ਉਸਦਾ ਏਨਾ ਭੇਤੀ ਸੀ ਕਿ ਸਿਧਾਰਥ ਦੇ ਬੁੱਲਾਂ ਤੇ ਗੱਲ ਆਉਣ ਤੋਂ ਪਹਿਲਾਂ ਬੁਝ ਲੈਂਦਾ ਸੀ ਛੰਨ ਨੂੰ ਕਦੇ ਵੀ ਰਾਜ ਕੁਮਾਰ ਨੇ ਨੌਕਰ ਵਾਂਗ ਨਹੀਂ ਸੀ ਸਮਝਿਆ? ਇੱਕ ਭਰਾ ਵਾਂਗੂ ਇੱਜ਼ਤ ਕਰਦਾ ਅਤੇ ਮਿੱਤਰਾਂ ਵਾਂਗ ਸਲਾਹ ਲੈਂਦਾ। ਇਤਫਾਕਵਸ ਕਿ ਸਾਰਥੀ ਛੰਨ,ਕੰਥਕ ਘੋੜੇ ਅਤੇ ਰਾਜ ਕੁਮਾਰ ਛੰਨ ਦੀ ਜਨਮ ਤਾਰੀਖ ਵੀ ਇੱਕੋ ਸੀ।

ਰਾਜ ਕੁਮਾਰ ਨੇ ਜ਼ਿੰਦਗੀ ਦਾ ਕਾਫ਼ੀ ਸਫ਼ਰ ਛੰਨ ਨਾਲ ਕੀਤਾ ਤੇ ਸੱਚ ਵੱਲ ਸਫ਼ਰ ਦੀ ਸ਼ੁਰੂਆਤ ਵੀ ਛੰਨ ਨਾਲ ਤੈਅ ਕਰਨ ਜਾ ਰਿਹਾ ਸੀ। ਰਾਜ ਕੁਮਾਰ ਨੇ ਰਾਜ ਕੁਮਾਰ ਨੂੰ ਰਾਤ ਦੇ ਪਹਿਲੇ ਪਹਿਰ ਘੋੜੇ ਤਿਆਰ ਰੱਖਣ ਦੀ ਤਾਕੀਦ ਕੀਤੀ। ਜਦੋਂ ਸਾਰਾ ਮਹਿਲ ਸੌਂ ਰਿਹਾ ਸੀ, ਉਦੋਂ ਸਿਧਾਰਥ ਦੇ ਅੰਦਰ ਦੁਨੀਆਂ ਦਾ ਸੱਚਾ ਹਮਦਰਦ ਜਾਗ ਉੱਠਣ ਲਈ ਅੰਗੜਾਈ ਭਰ ਰਿਹਾ ਸੀ।

ਯਸ਼ੋਧਰਾ ਜਾਗੋ ਮੀਟੀ ਵਿੱਚ ਹੋਣੀ ਤੋਂ ਵਾਕਫ਼ ਸੌਂ ਰਹੀ ਸੀ। ਜਾਗਦੀਆਂ ਅੱਖਾਂ ਦੇ ਨਾਲ? ਉਸ ਤੋਂ ਸੱਚ ਧਰਮ ਦੇ ਖੋਜੀ ਨੂੰ ਵਿਦਾ ਨਹੀਂ ਸੀ ਕੀਤਾ ਜਾਣਾ ਉਹ ਡਰਦੀ ਸੀ ਕਿ ਮੋਹ ਤੇ ਪਿਆਰ ਦੇ ਹੱਥੋਂ ਹਾਰ ਜਾਵੇਗੀ ਉਹ ਜਾਣਦੀ ਸੀ ਕਿ ਅਜਿਹੀ ਵਸਤੂ ਦੀ ਤਲਾਸ਼ ਵਿੱਚ ਉਸਦਾ ਰਾਜ ਕੁਮਾਰ ਪਤੀ ਜਾ ਰਿਹਾ ਹੈ ਜੋ ਮਹਿਲਾਂ ਤੋਂ ਵੀ ਉੱਚੀ ਸੁੱਚੀ ਹੈ ਉਹ ਵਿਸ਼ਾਲ ਆਕਾਸ਼ ਦੇ ਵਾਸੀ ਨੂੰ ਜੋ ਆਕਾਸ਼ ਦੀ ਉਚਾਈ ਨਾਪਣ ਲਈ ਘੋੜੇ ਤੇ ਸਵਾਰ ਹੋ ਕੇ ਜਾ ਰਿਹਾ ਹੈ, ਉਸਨੂੰ ਆਪਣੀਆਂ ਬਾਹਵਾਂ ਵਿੱਚ ਕੈਦ ਨਹੀਂ ਕਰਨਾ ਚਾਹੁੰਦੀ। ਉਸਨੂੰ ਅਹਿਸਾਸ ਸੀ ਕਿ ਪੰਛੀ ਤੇ ਫ਼ਕੀਰ ਇਕੋ ਹੀ ਸੁਭਾਅ ਦੇ ਮਾਲਕ ਹੁੰਦੇ ਹਨ।ਇਸ ਕਰਕੇ ਉਹ ਬੰਦ ਅੱਖਾਂ ਦੇ ਰਾਹੀਂ ਕਪਿਲਵਸਤੂ ਤੋਂ ਉਦੇ ਹੋ ਰਹੇ ਸੂਰਜ ਨੂੰ ਨਿਹਾਰ ਰਹੀ ਸੀ, ਜਿਸਨੇ ਦੁਨੀਆਂ ਨੂੰ ਸੱਚੇ ਧਰਮ ਦੀ ਰੋਸ਼ਨੀ ਦਾ ਨਿੱਘ ਦੇਣਾ ਸੀ।

ਭਰ ਜੋਬਨ ਮੱਤੀ ਮੁਟਿਆਰ ਯਸ਼ੋਧਰਾ ਅਤੇ ਕਲੀ ਵਰਗਾ ਕੋਮਲ ਤੇ ਸੁਬਕ ਬਾਲਕ ਰਾਹੁਲ ਪਲੰਘ ਤੇ ਸੌਂ ਰਹੇ ਸੀ। ਸਿਧਾਰਥ ਨੇ ਜੀਅ ਭਰ ਕੇ ਤੱਕਿਆ, ਇਸ ਤੋਂ ਪਹਿਲਾਂ ਕਿ ਵਿਯੋਗ ਦੀ ਪੀੜ ਉਸਦੇ ਮਨ ਨੂੰ ਵਲੂੰਧਰ ਜਾਵੇ ਉਹ ਬਾਹਰ ਆ ਗਿਆ। ਇਸ ਸਮੇਂ ਉਸਨੇ ਆਪਣੇ ਜਜ਼ਬਾਤਾਂ ਅਤੇ ਅਹਿਸਾਸਾਂ ਦੇ ਉੱਪਰ ਪਰਿਵਾਰਕ ਮੋਹ ਨੂੰ ਭਾਰੂ ਨਹੀਂ ਹੋਣ ਦਿੱਤਾ। ਉਸਨੇ ਆਪਣੇ ਦਿਲ ਨੂੰ ਕਰੜਾ ਕੀਤਾ। ਉਸਨੂੰ ਇਹ ਘਰ-ਪਰਿਵਾਰ ਅਤੇ ਰਾਜ ਭਾਗ ਮੋਹ ਦੇ ਵਗਦੇ ਨਾਲਿਆਂ ਵਰਗੇ ਜਾਪੇ। ਪਰ ਉਸਨੂੰ ਤਾਂ ਸਮੁੰਦਰ ਉਡੀਕ ਰਿਹਾ ਸੀ। ਰਿਸ਼ਤਿਆਂ ਦਾ ਮੋਹ ਕੱਚ ਵਾਂਗ ਟੁੱਟਦਾ ਹੋਇਆ ਭਾਵੇਂ ਉਸ ਨੂੰ ਪੈਰਾਂ ਤੋਂ ਸਿਰ ਤੱਕ ਲਹੂ ਲੁਹਾਣ ਕਰ ਰਿਹਾ ਸੀ। ਪਰ ਉਹ ਤੁਰਦਾ ਗਿਆ। ਉਹ ਛੰਨ ਨੂੰ ਨਾਲ ਲੈ ਘੋੜੇ ਤੇ ਸਵਾਰ ਹੋ ਕੇ ਰਾਜ ਮਹਿਲ ਤੋਂ ਬਾਹਰ ਹੋ ਗਿਆ। ਸਾਰੀ ਰਾਤ ਦੋਵੇਂ ਘੋੜੇ ਦੌੜਦੇ ਰਹੇ। ਤੜਕਸਾਰ ਕਪਿਲਵਸਤੂ ਰਾਜ ਦਾ ਦਰਵਾਜ਼ਾ ਪਾਰ ਕਰ ਗਏ।

ਸਿਧਾਰਥ ਨੇ ਮੁੜ ਕੇ ਕਪਿਲਵਸਤੂ ਵੱਲ ਦੇਖਿਆ। ਜਿੱਥੇ ਉਹ ਮਖ਼ਮਲੀਸੇਜ਼ ਤੇ ਜੰਮਿਆ ਤੇ ਪਲਿਆ। ਮਹਿਲਾਂ ਤੇ ਬਾਗਾਂ ਵਿੱਚ ਖੇਡਿਆ ਤੇ ਜਵਾਨ ਹੋਇਆ। ਜਿੱਧਰੋਂ ਵੀ ਲੰਘਦਾ ਪਿਆਰ ਦੇ ਚਸ਼ਮੇ ਫੁੱਟ ਆਉਂਦੇ।ਸਲਾਮ ਕਰਨ ਲਈ ਲੱਖਾਂ ਹੱਥ ਜੁੜ ਜਾਂਦੇ।

ਮਾਤਾ-ਪਿਤਾ,ਪਤਨੀ ਤੇ ਰਾਹੁਲ ਦੇ ਪਿਆਰ ਦੀਆਂ ਵਹਿੰਦੀਆਂ ਆਬਸ਼ਾਰਾਂ ਵੀ ਉਸਦੇ ਮਨ ਨੂੰ ਤ੍ਰਿਪਤ ਨਾ ਕਰ ਸਕੀਆਂ।ਉਸਦਾ ਮਨ ਹਮੇਸ਼ਾਂ ਅਤ੍ਰਿਪਤ ਤੇ ਪਿਆਸਾ ਹੀ ਰਿਹਾ। ਅਜੀਬ ਇਤਫ਼ਾਕ ਸੀ ਕਿ ਜਦੋਂ ਸਾਰਾ ਰਾਜ ਸੌਂ ਰਿਹਾ ਸੀ ਤਾਂ ਉਦੋਂ ਉਹ ਲੰਬੀਆਂ ਵਾਟਾਂ ਦਾ ਪਾਂਧੀ ਬਣ ਬਣਿਆ ਤੇ ਜਦੋਂ ਰਾਜ ਦੇ ਲੋਕ ਜਾਗ ਜਾਣਗੇ ਤਾਂ ਉਸਦੇ ਮੁੜ ਆਉਣ ਦੀ ਉਡੀਕ ਕਰਨਗੇ।ਪਰ ਉਸਨੇ ਪ੍ਰਣ ਕੀਤਾ ਕਿ ਉਹ ਉਦੋਂ ਤੱਕ ਵਾਪਸ ਨਹੀਂ ਪਰਤੇਗਾ ਜਦੋਂ ਤੱਕ ਸੱਚ ਦੀ ਖੋਜ ਨਹੀਂ ਕਰ ਲੈਂਦਾ।

ਆਰੋਮਾ ਨਦੀ ਦੇ ਕਿਨਾਰੇ ਪੁੱਜ ਕੇ ਸਿਧਾਰਥ ਨੇ ਛੰਨ ਨੂੰ ਕਿਹਾ, "ਵਾਪਸ ਪਰਤ ਕੇ ਰਾਜ ਮਹਿਲ ਵਿੱਚ ਖ਼ਬਰ ਦੇਣੀ ਕਿ ਰਾਜ ਕੁਮਾਰ ਸੰਨਿਆਸੀ ਹੋ ਗਿਆ ਹੈ ।" ਛੰਨ ਧਾਹੀਂ ਰੋ ਪਿਆ। ਵਿਛੋੜੇ ਦੇ ਨਾਸਹਿਣਯੋਗ ਦੁੱਖ ਵਿੱਚ ਵਿਰਲਾਪ ਕਰਦਿਆਂ ਛੰਨ ਨੇ ਸਿਧਾਰਥ ਦੇ ਪੈਰ ਫੜ੍ਹ ਲਏ, ਰਾਜ ਕੁਮਾਰ,ਵਾਪਸ ਚੱਲੋ। ਇਹ ਸਾਰਥੀ ਛੰਨ ਰਾਜ ਕੁਮਾਰ ਨੂੰ ਜੰਗਲ ਵਿੱਚ ਇਕੱਲਾ ਤੇ ਬੇਸਹਾਰਾ ਛੱਡਣ ਦਾ ਬੋਝ ਲੈ ਕੇ ਨਹੀਂ ਜਾ



ਲੇਖਕ
ਜਗਤਾਰ ਸਿੰਘ ਹਿੱਸੋਵਾਲ

ਸਕਦਾ।"ਰਾਜ ਕੁਮਾਰ ਨੇ ਛੰਨ ਨੂੰ ਉਠਾ ਕੇ ਗਲੇ ਨਾਲ ਲਾਇਆ ਤੇ ਕਿਹਾ, "ਮੈਂ ਵਾਪਸ ਜ਼ਰੂਰ ਆਵਾਂਗਾ ਪਰ ਨਵੀਂ ਰੋਸ਼ਨੀ, ਨਵੀਂ ਆਸ ਅਤੇ ਨਵੇਂ ਵਿਸ਼ਵਾਸ ਲੈ ਕੇ..ਛੰਨ ਮੈਂ ਜ਼ਰੂਰ ਵਾਪਸ ਆਵਾਂਗਾ।"

ਛੰਨ ਰੋਂਦਾ ਰਿਹਾ ਤਾਂ ਫ਼ੇਰ ਸਿਧਾਰਥ ਨੇ ਉਸਨੂੰ ਜਲਦੀ ਮੁੜ ਆਉਣ ਦਾ ਹੌਸਲਾ ਦਿੰਦਿਆਂ ਕਿਹਾ, "ਛੰਨ, ਪਿਤਾ ਨੂੰ ਕਹਿਣਾ ਕਿ ਸਿਧਾਰਥ ਨਾ ਕਦੇ ਡਰਿਆ ਹੈ ਅਤੇ ਨਾ ਹੀ ਕਦੇ ਡਰੇਗਾ। ਨਾ ਹੀ ਦੁਨੀਆਂ ਤੋਂ ਨਾ ਹੀ ਨਰਕ ਤੋਂ। ਨਾ ਹੀ ਉਸਨੂੰ ਕੋਈ ਲਾਲਚ ਹੈ।ਨਾ ਸਵਰਗ ਦਾ, ਨਾ ਹੀ ਦੁਨੀਆਂ ਦੀ ਉਸਤਤ ਦਾ। ਉਸਨੂੰ ਕਹਿਣਾ ਕਿ ਸਿਧਾਰਥ ਨੇ ਸਭਨਾਂ ਲੋਕਾਂ ਦੇ ਸੁੱਖ ਦੀ ਭਾਲ ਵਿੱਚ ਘਰ ਛੱਡਿਆ ਹੈ।...ਛੰਨ ਮਾਤਾ ਨੂੰ ਕਹਿਣਾ ਕਿ ਉਕਾਬ ਬੰਦ ਗੁਫ਼ਾ ਵਿਚ ਜੰਮਦਾ ਜ਼ਰੂਰ ਹੈ ਪਰ ਉਸਨੂੰ ਬੰਦ ਗੁਫ਼ਾ ਵਿਚ ਕੈਦ ਨਹੀਂ ਕੀਤਾ ਜਾ ਸਕਦਾ। ਪੰਛੀ ਜਦੋਂ ਉਡਾਰੂ ਹੋ ਜਾਂਦੇ ਨੇ ਤਾਂ ਆਕਾਸ਼ ਵੱਲ ਉਡਾਰੀ ਮਾਰ ਜਾਂਦੇ ਹਨ।...ਛੰਨ, ਯਸ਼ੋਧਰਾ ਨੂੰ ਕਹਿਣਾ ਕਿ ਜਿਵੇਂ ਬੱਦਲ ਮਿਲਦੇ ਹਨ ਤੇ ਵਿੱਛੜ ਜਾਂਦੇ ਹਨ, ਉਵੇਂ ਹੀ ਵਿਛੋੜਾ ਅਟੱਲ ਸੱਚਾਈ ਹੈ ।... ਸਾਰਿਆਂ ਨੂੰ ਹੱਥ ਜੋੜ ਕੇ ਕਹਿਣਾ ਕਿ ਮਖ਼ਮਲੀ ਸੇਜ਼ ਤੇ ਕੁਸਾ ਘਾਹ ਬਾਰੇ ਮਤ ਸੋਚਣਾ। ਰਾਜ ਮਹਿਲ ਦੀ ਅੱਯਾਸ਼ੀ ਤੇ ਜੰਗਲ ਦੀ ਭੁੱਖ ਅਤੇ ਚੁੱਪ ਬਾਰੇ ਮਤ ਸੋਚਣਾ। ਮਹਿਫ਼ਲਾਂ ਦੀ ਰੌਣਕ ਤੇ ਸਿਵਿਆਂ ਵਰਗੀ ਖਾਮੋਸ਼ੀ ਬਾਰੇ ਮਤ ਸੋਚਣਾ। ਸਿਰਫ਼ ਮੇਰੇ ਸੰਕਲਪ ਬਾਰੇ ਸੋਚਣਾ। ਵਿਯੋਗ ਨਾ ਕਰਨਾ। ਹੌਸਲਾ ਨਾ ਹਾਰਨਾ। ਨਵੇਂ ਜੀਵਨ ਦੀ ਉਡੀਕ ਕਰਨਾ।"

ਸਿਧਾਰਥ ਨੇ ਆਪਣੇ ਘੋੜੇ ਕੰਥਕ ਦੇ ਮੂੰਹ ਨੂੰ ਚੁੰਮਿਆ। ਕੰਥਕ ਨੇ ਰੋਸ ਤੇ ਦੁੱਖ ਨਾਲ ਆਪਣੇ ਪੈਰਾਂ ਨਾਲ ਮਿੱਟੀ ਨੂੰ ਪੁੱਟ-ਪੁੱਟ ਸੁੱਟਿਆ। ਕੰਥਕ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀਆਂ ਧਰਾਲਾਂ ਉਸਦੇ ਮੂੰਹ ਤੇ ਜੰਮੀ ਧੂੜ ਵਿੱਚੋਂ ਰਾਹ ਬਣਾਉਂਦੀਆਂ ਹੇਠਾਂ ਵੱਲ ਵਹਿ ਤੁਰੀਆਂ। ਫਿਰ ਸਿਧਾਰਥ ਨੇ ਆਪਣੀ ਤਲਵਾਰ ਨਾਲ ਆਪਣੇ ਸਿਰ ਦੇ ਰੇਸ਼ਮੀ ਵਾਲ ਕੱਟ ਕੇ ਛੰਨ ਨੂੰ ਦਿੱਤੇ।

ਛੰਨ ਰੋਂਦਾ ਹੋਇਆ ਵਾਪਸ ਜਾ ਰਿਹਾ ਸੀ। ਸਿਧਾਰਥ ਹੌਸਲੇ ਅਤੇ ਉਤਸ਼ਾਹ ਨਾਲ ਜੰਗਲ ਵੱਲ ਜਾ ਰਿਹਾ ਸੀ।ਪੂਰਬ ਦੀ ਕੁੱਖ ਵਿੱਚੋਂ ਉੱਠ ਰਹੀ ਲਾਲੀ ਸੰਕੇਤ ਦੇ ਰਹੀ ਸੀ ਕਿ ਸੂਰਜ ਚੜ੍ਹਨ ਹੀ ਵਾਲਾ ਹੈ।

ਛੰਨ ਕਦੇ ਉੱਚੀ -ਉੱਚੀ ਚੀਕਦਾ,ਕਦੇ ਘੋੜਾ ਰੋਕ ਕੇ ਪਿੱਛੇ ਵੱਲ ਦੇਖਦਾ ਤੇ ਕਦੇ ਘੋੜੇ ਤੋਂ ਉੱਤਰ ਕੇ ਧਰਤੀ ਤੇ ਦੁਹੱਥੜ ਮਾਰਦਾ। ਸ਼ਹਿਰ ਵਿੱਚੀਂ ਹੁੰਦਾ ਹੋਇਆ ਅਖ਼ੀਰ ਉਹ ਰਾਜ ਮਹਿਲ ਪਹੁੰਚ ਗਿਆ। ਛੰਨ ਨੂੰ ਦੇਖਦੇ ਸਾਰਾ ਪਰਿਵਾਰ ਵਿਹੜੇ ਵਿੱਚ ਇਕੱਠਾ ਹੋ ਗਿਆ। ਕੰਥਕ ਘੋੜਾ ਸਿਰ ਝੁਕਾਈ ਖੜ੍ਹਾ ਸੀ। ਬੁੱਤ ਬਣਿਆ। ਜਿਵੇਂ ਸਾਹ ਸਤ ਹੀ ਨਾ ਹੋਣ। ਜਿਸ ਕੰਥਕ ਦੀ ਕਾਠੀ ਤੇ ਰਾਜ ਕੁਮਾਰ ਕਰਦਾ ਸੀ ਉਹ ਕਾਠੀ ਅੱਜ ਸੁੰਨੀ ਸੀ।

ਰਾਜ ਮਹਿਲ ਵਿੱਚ ਦਿਲ ਨੂੰ ਧੂਹ ਪਾਉਂਦੀ ਚੁੱਪ ਨੂੰ ਦੇਖ ਕੇ ਛੰਨ ਨੂੰ ਜਾਪਿਆ ਜਿਵੇਂ ਉਹ ਜੰਗਲ ਵਿੱਚ ਪਹੁੰਚ ਗਿਆ ਹੋਵੇ। ਇਕਦਮ ਅੱਗੇ ਵੱਧ ਕੇ ਰਾਜਾ ਸੁਧੋਦਨ ਨੇ ਛੰਨ ਨੂੰ ਪੁੱਛਿਆ,"ਛੰਨ, ਮੇਰਾ ਲਾਲ ਕਿੱਥੇ ਹੈ?"

ਘੋੜੇ ਤੋਂ ਉੱਤਰ ਕੇ ਰਾਜ ਕੁਮਾਰ ਦੀ ਕੰਠ ਮਾਲਾ, ਤਲਵਾਰ ਤੇ ਰੇਸ਼ਮੀ ਵਾਲ ਰਾਜਾ ਸ਼ੁਧੋਦਨ ਨੂੰ ਦਿੰਦਿਆਂ ਛੰਨ ਦੀਆਂ ਭੁੱਬਾਂ ਨਿਕਲ ਗਈਆਂ, "ਰਾਜਨ, ਸਾਡਾ ਰਾਜ ਕੁਮਾਰ ਬਣਵਾਸੀ ਹੋ ਗਿਆ।"

ਰਾਜੇ ਨੂੰ ਸੁਣਦਿਆਂ ਗਸ਼ ਪੈ ਗਿਆ। ਮਾਤਾ ਗੌਤਮੀ ਥਾਏਂ ਹੀ ਡਿੱਗ ਪਈ। ਯਸ਼ੋਧਰਾ ਸ਼ੁਧ ਬੁੱਧ ਹੀ ਗੁਆ ਬੈਠੀ। ਅਹਿਲਕਾਰ, ਸੇਵਕ ਅਤੇ ਸਿਪਾਹੀ ਸਾਰੇ ਹੀ ਹਾਲ ਦੁਹਾਈ ਰੋਣ ਲੱਗੇ। ਸਾਰੇ ਮਹਿਲ ਵਿੱਚ ਮਾਤਮ ਛਾ ਗਿਆ। ਸਾਰਿਆਂ ਦੀ ਅਜ਼ੀਬ ਦਸ਼ਾ।ਨਾ ਕੋਈ ਕਿਸੇ ਨੂੰ ਹੌਸਲਾ ਦੇ ਰਿਹਾ ਸੀ। ਨਾ ਕਿਸੇ ਤੋਂ ਰੋਣ ਥੰਮਿਆ ਜਾ ਰਿਹਾ ਸੀ।

ਮਾਨੋਂ ਰਾਜ ਕੁਮਾਰ ਸਾਰੇ ਨਗਰ ਨੂੰ ਜੰਗਲ ਵਿੱਚ ਲੈ ਗਿਆ ਹੋਵੇ ਤੇ ਜੰਗਲ ਦੀ ਚੁੱਪ ਨੂੰ ਨਗਰ ਵਿਚ ਛੱਡ ਗਿਆ ਹੋਵੇ। ਉਂਜ ਤਾਂ ਉਵੇਂ ਹੀ ਰਾਤ ਪੈਂਦੀ ਤੇ ਦਿਨ ਚੜ੍ਹਦਾ ਪਰ ਰਾਜ ਮਹਿਲ ਹਨੇਰਾ ਜਿਹਾ ਹੀ ਪਸਰਿਆ ਰਹਿੰਦਾ?

(ਪੁਸਤਕ 'ਬੋਧ ਗਯਾ ਤੋਂ ਗਿਆਨ ਦੀ ਧਾਰਾ' ਦੇ ਦੂਜੇ ਐਡੀਸ਼ਨ ਵਿੱਚੋਂ)

# ਔਰਤ ਦਾ ਅਸਲ ਪਰਿਵਾਰ ਕਿਹੜਾ..?

(ਸਫਾ 5 ਦਾ ਬਾਕੀ ਹਿੱਸਾ)

ਤੇ ਐਸ਼ ਕਰਦੀਆਂ ਹਨ। ਰੋਟੀ ਤੋਂ ਲੈ ਕੇ, ਘਰ ਦਾ ਸਾਰਾ ਕੰਮ ਸੱਸਾਂ ਕਰੀ ਜਾਂਦੀਆਂ ਹਨ। ਉਧਰ ਉਹ ਦੋਵੇਂ ਜੀਅ, ਆਪਣੇ ਦੋਸਤਾਂ ਮਿੱਤਰਾਂ ਨਾਲ, ਜਾਂ ਬੀਵੀ ਦੇ ਭੈਣ ਭਾਈ ਨਾਲ ਘੁੰਮ ਫਿਰ ਕੇ ਖ਼ੁਸ਼ ਰਹਿੰਦੇ ਹਨ। ਸਹੁਰਿਆਂ ਦੇ ਕਿਸੇ ਸਮਾਗਮ ਵਿੱਚ ਸ਼ਾਮਲ ਹੋਣ ਲਈ, ਆਪਣਾ ਦੋਸਤਾਂ ਨਾਲ ਬਣਾਇਆ ਪ੍ਰੋਗਰਾਮ ਕਦੇ ਰੱਦ ਨਹੀਂ ਕੀਤਾ ਜਾਂਦਾ। ਨੂੰਹ ਆਪਣੇ ਭੈਣ ਭਰਾਵਾਂ ਦਾ ਹਰ ਰੋਜ਼ ਹਾਲ ਪੁੱਛੇਗੀ, ਪਰ ਸਹੁਰੇ ਵੱਸਦੀ ਜਾਂ ਹੋਸਟਲ ਵਿੱਚ ਪੜ੍ਹਦੀ ਨਨਾਣ ਨੂੰ, ਫੋਨ ਕਰਨ ਦੀ ਕਦੇ ਜ਼ਰੂਰਤ ਨਹੀਂ ਸਮਝਦੀ। ਸੱਸ ਵਿਚਾਰੀ ਇਸੇ ਗੱਲੋਂ ਡਰਦੀ, ਮੂੰਹੋਂ ਕੁੱਝ ਨਹੀਂ ਕਹਿੰਦੀ ਕਿ- ਨੂੰਹ ਉਸ ਦੇ ਇੱਕਲੌਤੇ ਪੁੱਤਰ ਨੂੰ ਨਾਲ ਲੈ ਕੇ, ਕਿਧਰੇ ਵੱਖ ਨਾ ਹੋ ਜਾਵੇ।

ਮੈਨੂੰ ਲਗਦਾ ਕਿ ਕਿਧਰੇ ਮਰਦ ਵੀ ਕਸੂਰਵਾਰ ਹੈ। ਉਸ ਨੂੰ ਇੱਕ ਰਿਸ਼ਤੇ ਦੇ ਜੁੜਨ ਨਾਲ, ਪੰਝੀ ਤੀਹ ਸਾਲ ਦੇ ਬਣੇ ਹੋਏ ਖ਼ੂਨ ਦੇ ਰਿਸ਼ਤੇ, ਇੱਕਦਮ ਵਿਸਾਰ ਨਹੀਂ ਦੇਣੇ ਚਾਹੀਦੇ। ਉਹ ਗਲਤੀ ਕਰਨ ਤੇ, ਆਪਣੀ ਬੀਵੀ ਅਤੇ ਮਾਂ, ਦੋਹਾਂ ਨੂੰ ਵੱਖਰੇ ਤੌਰ ਤੇ ਸਮਝਾ ਸਕਦਾ ਹੈ। ਮਰਦ ਔਰਤ ਦਾ ਸਭ ਤੋਂ ਕਰੀਬੀ ਸਾਥੀ ਹੁੰਦਾ ਹੈ। ਉਹ ਪਿਆਰ ਨਾਲ, ਉਸ ਦੇ ਅਸਲੀ ਪਰਿਵਾਰ ਦੀ ਅਹਿਮੀਅਤ, ਉਸ ਨੂੰ ਸਮਝਾ ਸਕਦਾ ਹੈ। ਉਧਰ ਜੇਕਰ ਮਾਪੇ ਵੀ ਧੀ ਦੇ ਸੁਖੀ ਜੀਵਨ ਦੀ ਕਲਪਨਾ ਕਰਦੇ ਹਨ, ਤਾਂ ਉਹਨਾਂ ਨੂੰ ਵੀ ਆਪਣੀ ਸੋਚ ਬਦਲਨੀ ਪਏਗੀ। ਕੁੜੀਆਂ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਸ਼ਾਦੀ ਸ਼ੁਦਾ ਔਰਤ ਦਾ ਜੋ ਇੱਜ਼ਤ ਮਾਣ, ਸਹੁਰੇ ਪਰਿਵਾਰ ਵਿੱਚ ਹੋ ਸਕਦਾ ਹੈ, ਉਹ ਨਾ ਤਾਂ ਹੁਣ ਪੇਕੇ ਰਹਿਣ ਨਾਲ, ਤੇ ਨਾ ਹੀ ਇਕੱਲੇ ਰਹਿਣ ਨਾਲ ਹੋਣਾ ਹੈ। ਕਹਿਣ ਦਾ ਇਹ ਭਾਵ ਨਹੀਂ ਕਿ- ਕੁੜੀਆਂ ਚੁੱਪ ਚਾਪ ਸਹੁਰਿਆਂ ਵਲੋਂ ਹੁੰਦੇ ਜ਼ੁਲਮ ਬਰਦਾਸ਼ਤ ਕਰੀ ਜਾਣ। ਇਸ ਲਈ ਬਹੁਤ ਸਾਰੇ ਕਨੂੰਨ ਉਹਨਾਂ ਦੇ ਹੱਕ ਵਿੱਚ ਬਣੇ ਹੋਏ ਹਨ। ਜੇ ਸਿਰੋਂ ਪਾਣੀ ਲੰਘ ਜਾਵੇ ਤਾਂ ਕਨੂੰਨ ਦਾ ਸਹਾਰਾ ਲੈਣਾ ਹੀ ਪੈਣਾ ਹੈ। ਪਰ ਇਹਨਾਂ ਕਨੂੰਨਾਂ ਦਾ ਡਰਾਵਾ ਦੇ ਕੇ, ਸ਼ਰੀਫ ਸਹੁਰਿਆਂ ਨੂੰ ਤੰਗ ਕਰਨਾ, ਜਾਂ ਉਹਨਾਂ ਦਾ ਪੈਰ ਪੈਰ ਤੇ ਨਿਰਾਦਰ ਕਰਨਾ- ਤੇ ਆਪਣੀ ਘਰ ਗ੍ਰਹਿਸਥੀ ਆਪਣੇ ਹੱਥੀਂ ਆਪ ਉਜਾੜ ਦੇਣਾ- ਵੀ ਤਾਂ ਕੋਈ ਅਕਲਮੰਦੀ ਨਹੀਂ। ਘਰ ਪਰਿਵਾਰ ਨੂੰ ਤੋੜਨ ਤੋਂ ਪਹਿਲਾਂ ਦਸ ਵਾਰੀ ਨਹੀਂ ਸਗੋਂ ਸੌ ਵਾਰੀ ਉਹਨਾਂ ਬੱਚਿਆਂ ਬਾਰੇ ਸੋਚੋ ਜਿਹਨਾਂ ਨੂੰ ਤੁਹਾਡੀ ਇਸ ਗਲਤੀ ਦੀ ਸਜ਼ਾ, ਬਿਨਾ ਕਸੂਰ ਤੋਂ ਭੁਗਤਣੀ ਪਏਗੀ। ਉਹ ਵਿਚਾਰੇ ਮਾਂ ਬਾਪ ਵਿਚੋਂ, ਕਿਸੇ ਇੱਕ ਦੇ ਪਿਆਰ ਤੋਂ ਵਾਂਝੇ ਹੋ ਜਾਣਗੇ।

ਅੰਤ ਵਿੱਚ ਮੈਂ ਤਾਂ ਇਹੀ ਕਹਾਂਗੀ ਕਿ-

*ਧਰਤੀ ਉਤੇ ਸੁਰਗ ਨੇ, ਹੁੰਦੇ ਉਹ ਘਰ ਬਾਰ,*
*ਜਿੱਥੇ ਨੂੰਹ ਤੇ ਸੱਸ ਵਿੱਚ, ਹੁੰਦਾ ਨਹੀਂ ਤਕਰਾਰ।*

ਸੋ ਆਓ ਅੱਜ ਨਵੇਂ ਸਾਲ ਤੋਂ, ਆਪਣੇ ਘਰ ਪਰਿਵਾਰਾਂ ਵਿੱਚ ਪਿਆਰ ਮੁਹੱਬਤ ਤੇ ਸਤਿਕਾਰ ਦੇ ਬੀਜ ਬੀਜੀਏ ਅਤੇ ਘਰਾਂ ਨੂੰ ਸਵਰਗ ਬਨਾਉਣ ਦੀ ਕੋਸ਼ਿਸ਼ ਕਰਦੇ ਹੋਏ, ਇੱਕ ਨਵਾਂ ਨਰੋਆ ਸਮਾਜ ਸਿਰਜਣ ਵਿੱਚ ਸਹਾਈ ਹੋਈਏ।

# ਦੁਨੀਆ ਦਾ ਸਭ ਤੋਂ ਵੱਡਾ 'ਪਰਿਵਾਰ' ਭਾਰਤ 'ਚ



ਤੁਸੀਂ ਅੰਦਾਜ਼ਾ ਲਗਾਇਆ ਹੈ ਕਿ ਇਕ ਘਰ ਵਿਚ ਕਿੰਨੇ ਲੋਕ ਰਹਿ ਸਕਦੇ ਹਨ? 5-6 ਜਾਂ ਤੋਂ ਵੱਧ 9-10 ਲੋਕ। ਪਰ ਮਿਜ਼ੋਰਮ ਵਿਚ ਇਕ ਵਿਅਕਤੀ ਦੇ ਨਾਲ ਰਹਿਣ ਵਾਲੇ ਪਰਿਵਾਰਕ ਮੈਂਬਰਾਂ ਦੀ ਗਿਣਤੀ 167 ਹੈ ।ਉਹ ਆਦਮੀ ਦੁਨੀਆ ਦੇ ਸਭ ਤੋਂ ਵੱਡੇ ਪਰਿਵਾਰਾਂ ਵਿਚੋਂ ਇਕ ਦਾ ਮੁਖੀ ਸੀ ।ਇਹ ਪਰਿਵਾਰ ਇੰਨਾ ਵੱਡਾ ਹੈ ਕਿ ਇਸ ਨੂੰ ਦੁਨੀਆ ਦੇ ਸਭ ਤੋਂ ਵੱਡੇ ਪਰਿਵਾਰ ਦਾ ਖਿਤਾਬ ਦਿੱਤਾ ਗਿਆ ਸੀ, ਪਰ ਉਨ੍ਹਾਂ ਨੇ ਵਿਸ਼ਵ ਰਿਕਾਰਡ ਦੇ ਖਿਤਾਬ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਉਹ ਪ੍ਰਚਾਰ ਤੋਂ ਬਚਦੇ ਹਨ। ਇਸ ਅਸਾਧਾਰਨ ਪਰਿਵਾਰ ਦਾ ਮੁਖੀ ਜ਼ੀਓਨਾ ਚਾਨਾ ਸੀ, ਜਿਸ ਦੀ ਜੂਨ 2021 ਵਿਚ 76 ਸਾਲ ਦੀ ਉਮਰ ਵਿਚ ਮੌਤ ਹੋ ਗਈ ਸੀ।ਚਾਨਾ ਇਕ ਈਸਾਈ ਸੰਪਰਦਾ ਦਾ ਆਗੂ ਸੀ ਜੋ ਮਰਦਾਂ ਨੂੰ ਬਹੁ-ਵਿਆਹ ਦੀ ਇਜਾਜ਼ਤ ਦਿੰਦਾ ਹੈ। ਉਸ ਦੀਆਂ 39 ਪਤਨੀਆਂ, 94 ਬੱਚੇ, 33 ਪੋਤੇ- ਪੋਤੀਆਂ ਅਤੇ ਇਕ ਪੜਪੋਤਾ ਸੀ। ਪਰਿਵਾਰ ਵਿਚ ਕੁੱਲ 167 ਮੈਂਬਰ ਸਨ।ਇਹ ਪਰਿਵਾਰ 100 ਕਮਰਿਆਂ ਵਾਲੇ ਚਾਰ ਮੰਜ਼ਿਲਾ ਮਹਿਲ ਵਿਚ ਰਹਿੰਦਾ। ਹੈ, ਜੋ ਕਿ ਰਾਜ ਵਿਚ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ।

100 ਕਮਰਿਆਂ ਵਾਲੇ ਘਰ ਜਿਸ ਵਿਚ ਇਹ ਪਰਿਵਾਰ ਰਹਿੰਦਾ ਹੈ, ਇਕ ਵੱਡੀ ਰਸੋਈ ਤੋਂ ਇਲਾਵਾ ਹਰ ਕਿਸੇ ਲਈ ਕਾਫ਼ੀ ਥਾਂ ਹੈ। ਮਰਹੂਮ ਜੀਓਨਾ ਨੇ ਆਪਣੇ ਪਰਿਵਾਰ ਨੂੰ ਬੜੇ ਅਨੁਸ਼ਾਸਨ ਨਾਲ ਚਲਾਇਆ।ਖਾਣਾ ਬਣਾਉਣਾ ਅਤੇ ਘਰ ਦੇ ਹੋਰ ਕੰਮ ਸਾਰੇ ਇਕੱਠੇ ਕਰਦੇ ਹਨ।ਪਰਿਵਾਰ ਦੀਆਂ ਔਰਤਾਂ ਖੇਤੀਬਾੜੀ ਕਰਦੀਆਂ ਹਨ ਅਤੇ ਘਰ ਚਲਾਉਣ ਵਿਚ ਯੋਗਦਾਨ ਪਾਉਂਦੀਆਂ ਹਨ। ਚਾਨਾ ਦੀ ਵੱਡੀ ਪਤਨੀ ਮੁਖੀ ਦੀ ਭੂਮਿਕਾ ਨਿਭਾਉਂਦੀ ਹੈ ਅਤੇ ਘਰ ਦੇ ਸਾਰੇ ਮੈਂਬਰਾਂ ਦਾ ਕੰਮ ਵੰਡਦੀ ਹੈ ਅਤੇ ਕੰਮ 'ਤੇ ਵੀ ਨਜ਼ਰ ਰੱਖਦੀ ਹੈ। ਇਥੇ ਇਕ ਦਿਨ ਵਿਚ 45 ਕਿਲੋ ਚਾਵਲ, 30- 40 ਮੁਰਗੇ, 25 ਕਿਲੋ ਦਾਲਾਂ, ਦਰਜਨਾਂ ਅੰਡੇ ਅਤੇ 60 ਕਿਲੋ ਸਬਜ਼ੀਆਂ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ ਇਸ ਪਰਿਵਾਰ ਵਿਚ ਰੋਜ਼ਾਨਾ 20 ਕਿਲੋ ਫਲਾਂ ਦਾ ਸੇਵਨ ਵੀ ਕੀਤਾ ਜਾਂਦਾ ਹੈ

ਇਲਾਕੇ ਦੀ ਰਾਜਨੀਤੀ ਵਿਚ ਵੀ ਪਰਿਵਾਰ ਦਾ ਕਾਫੀ ਦਬਦਬਾ ਹੈ। ਇਕ ਪਰਿਵਾਰ ਵਿਚ ਇਨੀਆਂ ਵੋਟਾਂ ਹੋਣ ਕਾਰਨ ਇਲਾਕੇ ਦੇ ਆਗੂ ਅਤੇ ਸਿਆਸੀ ਪਾਰਟੀਆਂ ਪਰਿਵਾਰ ਨੂੰ ਬਹੁਤ ਮਹੱਤਵ ਦਿੰਦੀਆਂ ਹਨ। ਚੋਣਾਂ ਵਿਚ ਜਿਸ ਪਾਰਟੀ ਵੱਲ ਇਸ ਪਰਿਵਾਰ ਦਾ ਝੁਕਾਅ ਹੈ, ਉਸ ਨੂੰ ਵੱਡੀ ਗਿਣਤੀ ਵਿਚ ਵੋਟਾਂ ਮਿਲਣੀਆਂ ਯਕੀਨੀ ਹਨ।ਇਸ ਪਰਿਵਾਰ ਦੇ ਮੈਂਬਰ ਆਪਣੇ ਆਪ ਵਿਚ ਇਕ ਪੂਰਾ ਪਿੰਡ ਹਨ। ਜੇਕਰ ਗੱਲ ਕਰੀਏ ਤਾਂ ਸੁਣਨ ਵਾਲਿਆਂ ਦੀ ਕੋਈ ਕਮੀ ਨਹੀਂ, ਮੈਚ ਖੇਡਣ ਜਾਈਏ ਤਾਂ ਦੇਖਣ ਵਾਲਿਆਂ ਦੀ ਕੋਈ ਕਮੀ ਨਹੀਂ ਤੇ ਇਕੱਠੇ ਬੈਠੀਏ ਤਾਂ ਆਪਣੇ ਆਪ ਵਿਚ ਮੇਲਾ ਤੇ ਤਿਉਹਾਰ ਬਣ ਜਾਂਦਾ ਹੈ ।

# ਸਿੱਖਿਆ ਬੋਧ ਨਦੀ ਤੇ ਸਮੁੰਦਰ

ਇਕ ਵਾਰ ਨਦੀ ਨੂੰ ਆਪਣੇ ਤੇਜ਼ ਵਹਾਅ 'ਤੇ ਮਾਣ ਹੋ ਗਿਆ। ਨਦੀ ਨੇ ਮਹਿਸੂਸ ਕੀਤਾ ਕਿ ਉਸ 'ਚ ਇਨੀ ਤਾਕਤ ਹੈ ਕਿ ਉਹ ਪਹਾੜਾਂ, ਘਰਾਂ, ਰੁੱਖਾਂ, ਜਾਨਵਰਾਂ, ਮਨੁੱਖਾਂ ਆਦਿ ਨੂੰ ਵਹਾਅ ਕੇ ਆਪਣੇ ਨਾਲ ਲਿਜਾ ਸਕਦੀ ਹੈ। ਨਦੀ ਨੇ ਸਮੁੰਦਰ ਨੂੰ ਬੜੇ ਮਾਣ ਤੇ ਹੰਕਾਰੀ ਲਹਿਜੇ 'ਚ ਕਿਹਾ, "ਤੁਸੀਂ ਦੱਸੋ ਮੈਂ ਤੁਹਾਡੇ ਲਈ ਕੀ ਲੈ ਕੇ ਆਵਾਂ? ਤੁਸੀਂ ਜੋ ਚਾਹੋ, ਮੈਂ ਉਸ ਨੂੰ ਜੜ੍ਹ ਸਣੇ ਪੁਟ ਕੇ ਲਿਆ ਸਕਦੀ ਹਾਂ।" ਸਮੁੰਦਰ ਸਮਝ ਗਿਆ ਕਿ ਨਦੀ ਹੰਕਾਰੀ ਹੋ ਗਈ ਹੈ। ਉਸਨੇ ਨਦੀ ਨੂੰ ਕਿਹਾ, "ਜੇ ਤੂੰ ਮੇਰੇ ਲਈ ਕੁਝ ਲਿਆਉਣਾ ਚਾਹੁੰਦੀ ਹੈ ਤਾਂ ਥੋੜ੍ਹਾ ਜਿਹਾ ਘਾਹ ਪੁਟ ਕੇ ਲਿਆ ਦੇ।"

ਸਮੁੰਦਰ ਦੀ ਗੱਲ ਸੁਣ ਕੇ ਨਦੀ ਬੋਲੀ, "ਬਸ, ਮੈਂ ਹੁਣੇ ਤੁਹਾਡੀ ਸੇਵਾ 'ਚ ਹਾਜ਼ਰ ਕਰਦੀ ਹਾਂ ।" ਨਦੀ ਨੇ ਆਪਣਾ ਪੂਰਾ ਜ਼ੋਰ ਘਾਹ ਨੂੰ ਪੁੱਟਣ 'ਚ ਲਾ ਦਿੱਤਾ ਪਰ ਘਾਹ ਨਾ ਪੁੱਟਿਆ ਗਿਆ ।

ਨਦੀ ਨੇ ਹਾਰ ਨਹੀਂ ਮੰਨੀ ਤੇ ਵਾਰ-ਵਾਰ ਕੋਸ਼ਿਸ਼ ਕੀਤੀ ਪਰ ਘਾਹ ਵਾਰ-ਵਾਰ ਪਾਣੀ ਦੇ ਜ਼ੋਰ ਅੱਗੇ ਝੁਕ ਜਾਂਦਾ ਤੇ ਪੁੱਟਿਆ ਨਾ ਜਾ ਸਕਿਆ ਆਖਰਕਾਰ ਨਦੀ ਨੂੰ ਅਸਫਲਤਾ ਦਾ ਸਾਹਮਣਾ ਕਰਨਾ ਪਿਆ। ਥੱਕ-ਹਾਰ ਕੇ ਨਿਰਾਸ਼ ਨਦੀ ਸਮੁੰਦਰ ਕੋਲ ਪੁੱਜੀ ਤੇ ਆਪਣਾ ਸਿਰ ਝੁਕਾ ਕੇ ਬੋਲੀ, "ਮੈਂ ਰੁੱਖਾਂ, ਮਨੁੱਖਾਂ, ਪਹਾੜਾਂ ਆਦਿ ਨੂੰ ਵਹਾਅ ਕੇ ਆਪਣੇ ਨਾਲ ਲਿਆ ਸਕਦੀ ਹਾਂ ਪਰ ਮੈਂ ਘਾਹ ਨੂੰ ਪੁੱਟ ਕੇ ਨਹੀਂ ਲਿਆ ਸਕਦੀ। ਮੈਂ ਘਾਹ ਨੂੰ ਪੁੱਟਣ ਲਈ ਪੂਰਾ ਜ਼ੋਰ ਲਾਇਆ ਪਰ ਉਹ ਹੇਠਾਂ ਝੁਕ ਕੇ ਬਚ ਜਾਂਦਾ ਹੈ ਤੇ ਮੈਂ ਖਾਲੀ ਹੱਥ ਉੱਪਰੋਂ ਨਿਕਲ ਜਾਂਦੀ ਹਾਂ।"

ਸਮੁੰਦਰ ਨੇ ਨਦੀ ਦੀ ਗੱਲ ਧਿਆਨ ਨਾਲ ਸੁਣੀ ਤੇ ਮੁਸਕਰਾਉਂਦੇ ਹੋਏ ਕਿਹਾ, "ਜਿਹੜੇ ਪਹਾੜ, ਰੁੱਖ ਜਾਂ ਉਨ੍ਹਾਂ ਵਰਗੀਆਂ ਚੀਜ਼ਾਂ ਜੋ ਸਖ਼ਤ ਹਨ, ਉਨ੍ਹਾਂ ਨੂੰ ਆਸਾਨੀ ਨਾਲ ਉਖਾੜਿਆ ਜਾ ਸਕਦਾ ਹੈ ਕਿਉਂਕਿ ਉਨ੍ਹਾਂ 'ਚ ਨਿਮਰਤਾ ਨਹੀਂ ਹੁੰਦੀ। ਜਿਸ ਨੇ ਘਾਹ ਵਰਗੀ ਨਿਮਰਤਾ ਸਿੱਖ ਲਈ ਹੋਵੇ, ਉਸ ਨੂੰ ਤੇਜ਼ ਵਹਾਅ ਨਾਲ ਵੀ ਉਖਾੜਿਆ ਨਹੀਂ ਜਾ ਸਕਦਾ ਸਮੁੰਦਰ ਦੀਆਂ ਗੱਲਾਂ ਸੁਣ ਕੇ ਨਦੀ ਦਾ ਹੰਕਾਰ ਟੁੱਟ ਗਿਆ।

# ਪ੍ਰੇਰਨਾ ਦਾਇਕ ਫਜ਼ੂਲ ਦਾ ਗੁੱਸਾ



ਇਕ ਕਾਰੀਗਰ ਦੇ ਸੰਦਾਂ ਵਾਲੀ ਬੋਰੀ ਵਿਚ ਸੱਪ ਵੜ ਗਿਆ। ਅੰਦਰ ਵੜਦਿਆਂ ਹੀ ਬੋਰੀ ਵਿਚ ਰੱਖੇ ਤਰਖਾਣ ਦਾ ਆਰਾ ਉਸ ਦੇ ਸਰੀਰ ਨੂੰ ਚੁੱਭਿਆ ਅਤੇ ਉਸ 'ਤੇ ਜ਼ਖ਼ਮ ਹੋ ਗਿਆ, ਜਿਸ ਕਾਰਨ ਉਸ ਨੂੰ ਦਰਦ ਹੋਣ ਲੱਗਾ ਅਤੇ ਉਹ ਬੇਹੋਸ਼ ਹੋ ਗਿਆ। ਗੁੱਸੇ ਵਿਚ ਉਸ ਨੇ ਆਪਣੇ ਦੋਵੇਂ ਜਬਾੜਿਆਂ ਨਾਲ ਆਰੇ ਨੂੰ ਜ਼ੋਰ ਨਾਲ ਦਬਾ ਦਿੱਤਾ।

ਹੁਣ ਉਸ ਦੇ ਮੂੰਹ ਵਿਚ ਵੀ ਜ਼ਖ਼ਮ ਹੋ ਗਿਆ ਅਤੇ ਖੂਨ ਵਗਣ ਲੱਗਾ।ਹੁਣ ਇਸ ਦਰਦ ਤੋਂ ਦੁਖੀ ਹੋ ਕੇ, ਆਰੇ ਨੂੰ ਸਬਕ ਸਿਖਾਉਣ ਲਈ, ਉਸ ਨੇ ਆਪਣੇ ਪੂਰੇ ਸਰੀਰ ਨੂੰ ਸੱਪ ਦੇ ਨਾਲ ਆਰੇ ਦੇ ਦੁਆਲੇ ਲਪੇਟ ਲਿਆ ਅਤੇ ਪੂਰੀ ਤਾਕਤ ਨਾਲ ਉਸ ਨੂੰ ਫੜ ਲਿਆ। ਇਸ ਤਰ੍ਹਾਂ ਕਰਨ ਨਾਲ ਸੱਪ ਦਾ ਪੂਰਾ ਸਰੀਰ ਕਈ ਥਾਵਾਂ 'ਤੇ ਬੁਰੀ ਤਰ੍ਹਾਂ ਕੱਟਿਆ ਗਿਆ ਅਤੇ ਉਸ ਦੀ ਮੌਤ ਹੋ ਗਈ। ਇਸੇ ਤਰ੍ਹਾਂ, ਕਈ ਵਾਰ ਜਦੋਂ ਸਾਨੂੰ ਥੋੜ੍ਹਾ ਜਿਹਾ ਵੀ ਦੁੱਖ ਹੁੰਦਾ ਹੈ, ਤਾਂ ਅਸੀਂ ਦੂਜੇ ਵਿਅਕਤੀ ਨੂੰ ਸਬਕ ਸਿਖਾਉਣ ਲਈ ਗੁੱਸੇ ਵਿਚ ਆ ਜਾਂਦੇ ਹਾਂ ਅਤੇ ਆਪਣੇ ਆਪ ਨੂੰ ਬਹੁਤ ਨੁਕਸਾਨ ਪਹੁੰਚਾ ਦਿੰਦੇ ਹਾਂ।ਗੁੱਸੇ ਤੋਂ ਨੁਕਸਾਨ ਅਤੇ ਪਛਤਾਵੇ ਤੋਂ ਇਲਾਵਾ ਕੁਝ ਵੀ ਪ੍ਰਾਪਤ ਨਹੀਂ ਹੁੰਦਾ।

# ਚੀਨੀ ਦੇ ਭਾਂਡਿਆਂ ਦੀ ਸੰਭਾਲ ਕਿਵੇਂ ਕਰੀਏ



ਅਸਲ ਵਿੱਚ ਕਿਸੇ ਵੀ ਚੀਜ਼ ਦੀ ਕੋਈ ਨਿਸ਼ਚਿਤ ਉਮਰ ਨਹੀਂ ਹੁੰਦੀ । ਇਹ ਤਾਂ ਤੁਹਾਡੀ ਕਲਾ ਉਪਰ ਨਿਰਭਰ ਹੈ ਕਿ ਤੁਸੀਂ ਇਸ ਦੀ ਹਿਫਾਜਤ ਕਿਵੇਂ ਤੇ ਕਿੰਨੀ ਦੇਰ ਤੱਕ ਕਰ ਸਕਦੇ ਹੋ । ਸਭ ਤੋਂ ਪਹਿਲਾਂ ਚੰਗੀ ਤੇ ਟਿਕਾਊ ਕ੍ਰਾਕਰੀ ਹੀ ਖਰੀਦੋ । ਸਸਤੀ ਕ੍ਰਾਕਰੀ ਛੇਤੀ ਟੁੱਟ ਜਾਂਦੀ ਹੈ ਅਤੇ ਉਸ ਦੀ ਸੁੰਦਰਤਾ ਵੀ ਛੇਤੀ ਹੀ ਖਤਮ ਹੋ ਜਾਂਦੀ ਹੈ । ਕੱਚ ਦੀ ਕ੍ਰਾਕਰੀ ਉੱਪਰ ਲੱਗੇ ਦਾਗ ਧੱਬੇ ਦੂਰ ਕਰਨ ਲਈ ਉਸ ਉਪਰ ਕਲੀ (ਚੂਨਾ) ਲਾ ਕੇ ਸਫਾਈ ਕਰੋ । ਇਸ ਨਾਲ ਦਾਗ-ਧੱਬੇ ਤਾਂ ਦੂਰ ਹੋ ਹੀ ਜਾਣਗੇ, ਕ੍ਰਾਕਰੀ ਦੀ ਸੁੰਦਰਤਾ ਵੀ ਵਧੇਗੀ । ਨਾਜ਼ੁਕ ਕ੍ਰਾਕਰੀ ਜਿਵੇਂ ਚਾਹ ਦੀ ਕੇਤਲੀ ਆਦਿ ਨੂੰ ਸਾਫ ਕਰਨ ਸਮੇਂ ਕਿਸੇ ਸਾਫ ਤੇ ਮੁਲਾਇਮ ਕੱਪੜੇ ਦੀ ਹੀ ਵਰਤੋਂ ਕਰੋ । ਕੇਤਲੀ ਨੂੰ ਸਾਫ ਕਰਕੇ ਉਸ ਦੀ ਨਲੀ ਵਿੱਚ ਸਾਫ ਰੂੰ ਫਸਾ ਕੇ ਹੀ ਉਸ ਨੂੰ ਰੱਖੋ । ਕੇਤਲੀ ਵਿੱਚ ਧੂੜ ਨਹੀਂ ਜਾ ਸਕੇਗੀ, ਨਾਲ ਹੀ ਉਸ ਦੀ ਸੁਰੱਖਿਆ ਵੀ ਵਧੇਗੀ ।

ਕ੍ਰਾਕਰੀ ਨੂੰ ਸਾਫ ਕਰਨ ਸਮੇਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਸਾਫ ਕਰਨ ਲਈ ਲਿਆ ਗਿਆ ਪਾਣੀ ਬਹੁਤਾ ਗਰਮ ਨਾ ਹੋਵੇ । ਜੇਕਰ ਤੁਸੀਂ ਗਰਮ ਪਾਣੀ ਦੀ ਵਰਤੋਂ ਕਰ ਰਹੇ ਹੋ ਤਾਂ ਇਸ ਗੱਲ ਦਾ ਧਿਆਨ ਰੱਖੋ ਕਿ ਕ੍ਰਾਕਰੀ ਨੂੰ ਗਰਮ ਪਾਣੀ ਵਿੱਚੋਂ ਕੱਢਣ ਤੋਂ ਬਾਅਦ ਤੁਰੰਤ ਠੰਢੇ ਪਾਣੀ 'ਚ ਨਾ ਪਾਓ । ਅਜਿਹਾ ਕਰਨ ਨਾਲ ਤੁਹਾਡੀ ਕ੍ਰਾਕਰੀ ਟੁੱਟ ਜਾਵੇਗੀ । ਕ੍ਰਾਕਰੀ ਨੂੰ ਹੋਰਨਾਂ ਭਾਂਡਿਆਂ ਦੇ ਨਾਲ-ਨਾਲ ਨਾ ਰੱਖੋ । ਜੇਕਰ ਅਜਿਹਾ ਕਰਨਾ ਹੀ ਪਵੇ ਤਾਂ ਦੋਹਾਂ ਦਰਮਿਆਨ ਇੱਕ ਮੁਲਾਇਮ ਕੱਪੜਾ ਜ਼ਰੂਰ ਲਾ ਦਿਓ ਤਾਂ ਜੋ ਤੁਹਾਡੀ ਕ੍ਰਾਕਰੀ ਸੁਰੱਖਿਅਤ ਰਹੇ । ਕ੍ਰਾਕਰੀ ਖਰੀਦਣ ਸਮੇਂ ਇਸ ਗੱਲ ਦਾ ਧਿਆਨ ਵੀ ਰੱਖਿਆ ਜਾਵੇ ਕਿ ਉਸ ਦਾ ਤਲ ਸਪਾਟ ਹੋਵੇ ਤਾਂ ਜੋ ਧੋਣ ਤੋਂ ਬਾਅਦ ਸੁਕਾਉਣ ਲਈ ਰੱਖਣ ਸਮੇਂ ਲੁੜਕ ਨਾ ਜਾਵੇ । ਕ੍ਰਾਕਰੀ ਨੂੰ ਸਾਫ ਕਰਨ ਸਮੇਂ ਹਲਕੇ ਗਰਮ ਪਾਣੀ ਵਿੱਚ ਸਿਰਕਾ ਤੇ ਕੋਈ ਵੀ ਬਰਤਨ ਸਾਫ ਕਰਨ ਵਾਲਾ ਪਾਊਡਰ ਜ਼ਰੂਰ ਮਿਲਾ ਲਓ ।

ਸ਼ੀਸ਼ੇ ਦੀ ਗੰਦੀ ਕ੍ਰਾਕਰੀ ਸਾਫ ਕਰਨ ਲਈ ਅਤੇ ਚਮਕ ਲਿਆਉਣ ਵਲੋ ਸਪਿਰਟ ਅਤੇ ਪੈਰਾਫਿਨ ਬਰਾਬਰ ਮਾਤਰਾ ਵਿੱਚ ਮਿਲਾ ਕੇ ਕਿਸੇ ਮੁਲਾਇਮ ਕੱਪੜੇ ਨਾਲ ਰਗੜੋ ।ਛੇਤੀ ਹੀ ਕ੍ਰਾਕਰੀ ਵਿੱਚ ਪੂਰੀ ਚਮਕ ਆ ਜਾਵੇਗੀ ।ਕ੍ਰਾਕਰੀ ਨੂੰ ਅਜਿਹੀ ਥਾਂ ਰੱਖੋ, ਜਿੱਥੇ ਨਾ ਤਾਂ ਗੈਸ ਜਾਂ ਸਟੋਪ ਦਾ ਸੇਕ ਪਹੁੰਚੇ ਅਤੇ ਨਾ ਹੀ ਤੇਜ਼ ਧੁੱਪ ।ਜੇਕਰ ਅਜਿਹਾ ਹੋਵੇ ਤਾਂ ਉਸ ਨੂੰ ਤੁਰੰਤ ਉਥੋਂ ਹਟਾ ਦਿਓ ਨਹੀਂ ਤਾਂ ਕ੍ਰਾਕਰੀ ਟੁੱਟ ਵੀ ਸਕਦੀ ਹੈ ।


## ਪੰਜਾਬੀ ਪਹਿਚਾਣ ਦੀ ਮਾਲਕੀਅਤ ਤੇ ਹੋਰ ਵੇਰਵੇ ਸੰਬੰਧੀ ਬਿਆਨ

| | |
|---|---|
| 1. ਪ੍ਰਕਾਸ਼ਨ ਸਥਾਨ | ਸੁਲਤਾਨਪੁਰ ਲੋਧੀ, ਕਪੂਰਥਲਾ ਪੰਜਾਬ |
| 2. ਪ੍ਰਕਾਸ਼ਨ ਕਾਲ | ਮਹੀਨਾਵਾਰ |
| 3. ਛਾਪਕ ਦਾ ਨਾਮ | ਜਗਜੀਤ ਸਿੰਘ ਧੰਜੂ |
| ਨਾਗਰਿਕਤਾ | ਭਾਰਤੀ |
| 4. ਪ੍ਰਕਾਸ਼ਕ ਦਾ ਨਾਮ | ਜਗਜੀਤ ਸਿੰਘ ਧੰਜੂ |
| ਨਾਗਰਿਕਤਾ | ਭਾਰਤੀ |
| 5. ਸੰਪਾਦਕ ਦਾ ਨਾਮ | ਜਗਜੀਤ ਸਿੰਘ ਧੰਜੂ |
| ਨਾਗਰਿਕਤਾ | ਭਾਰਤੀ |

6. ਉਹਨਾਂ ਵਿਅਕਤੀਆਂ ਦੇ ਨਾਮ ਤੇ ਪਤੇ ਜੋ ਸਮਾਚਾਰ ਪੱਤਰ ਦੇ ਮਾਲਕ ਹੋਣ ਅਤੇ ਸਾਰੀ ਪੂੰਜੀ ਦੇ ਇਕ ਪ੍ਰਤੀਸ਼ਤ ਦੇ ਵੱਧ ਦੇ ਭਾਈਵਾਲ ਜਾਂ ਹਿੱਸੇਦਾਰ ਹੋਣ

**- ਜਗਜੀਤ ਸਿੰਘ ਧੰਜੂ**

ਮੈਂ ਜਗਜੀਤ ਸਿੰਘ ਧੰਜੂ ਐਲਾਨ ਕਰਦਾ ਹਾਂ ਕਿ ਮੇਰੀ ਵੱਧ ਤੋਂ ਵੱਧ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਉੱਪਰ ਦਿੱਤੇ ਗਏ ਵੇਰਵੇ ਸੱਚ ਹਨ।

ਸਹੀ
**ਜਗਜੀਤ ਸਿੰਘ ਧੰਜੂ**
ਮਿਤੀ 20 ਮਾਰਚ 2024
(ਪ੍ਰਕਾਸ਼ਕ ਦੇ ਦਸਤਖਤ)


# ਦ਼ਫਤਰ ਦੀ ਸਫਾਈ



ਕਈ ਅਜਿਹੇ ਦਫਤਰ ਦੇਖਣ ਨੂੰ ਮਿਲਦੇ ਹਨ, ਜਿਥੇ ਦਾਖਲ ਹੁੰਦਿਆਂ ਹੀ ਤੁਹਾਨੂੰ ਕਾਗਜ਼-ਪੱਤਰਾਂ ਅਤੇ ਫਾਈਲਾਂ ਆਦਿ ਦੇ ਢੇਰ ਇਧਰ-ਓਧਰ ਖਿੱਲਰੇ ਦਿਖਾਈ ਦੇ ਜਾਂਦੇ ਹਨ। ਥੋੜ੍ਹੇ ਜਿਹੇ ਦ੍ਰਿੜ੍ਹ ਨਿਸ਼ਚੇ ਅਤੇ ਲਗਨ ਨਾਲ ਤੁਸੀਂ ਆਪਣੇ ਦਫਤਰ ਨੂੰ ਬੇਕਾਰ ਕਾਗਜ਼ਾਂ, ਫਾਈਲਾਂ ਅਤੇ ਚੀਜ਼ਾਂ ਤੋਂ ਮੁਕਤੀ ਦਿਵਾ ਸਕਦੇ ਹੋ।

**ਸਫਾਈ ਲਈ ਇਕ ਦਿਨ ਨਿਸ਼ਚਿਤ ਕਰ ਲਓ** : ਇਸ ਨੂੰ ਕੁਝ ਪੜਾਵਾਂ 'ਚ ਵੀ ਵੰਡ ਸਕਦੇ ਹੋ ਅਤੇ ਹਰ ਦਿਨ ਥੋੜ੍ਹਾ-ਥੋੜ੍ਹਾ ਕਰ ' ਇਸ ਕੰਮ ਨੂੰ ਪੂਰਾ ਕਰ ਸਕਦੇ ਹੋ।

**ਆਪਣੇ ਦਫਤਰ ਜਾਂ ਡੈਸਕ ਦੀ ਸਾਫ-ਸਫਾਈ ਦੀ ਯੋਜਨਾ** : ਇਸ ਗੱਲ 'ਤੇ ਨਿਰਭਰ ਕਰਦੇ ਹੋਏ ਬਣਾਓ ਕਿ ਤੁਹਾਡੇ ਇਥੇ ਕਿਸ ਹੱਦ ਤਕ ਬੇਕਾਰ ਕਾਗਜ਼ਾਂ ਅਤੇ ਹੋਰ ਚੀਜ਼ਾਂ ਦਾ ਢੇਰ ਲੱਗਾ ਹੈ ਅਤੇ ਤੁਸੀਂ ਵਧੇਰੇ ਵਰਤੀਆਂ ਜਾਣ ਵਾਲੀ ਕਿਹੜੀਆਂ ਚੀਜ਼ਾਂ ਨੂੰ ਆਪਣੇ ਨੇੜੇ ਰੱਖਣਾ ਚਾਹੋਗੇ, ਜਿਨ੍ਹਾਂ 'ਚ ਜ਼ਰੂਰੀ ਫਾਈਲ ਫੋਲਡਰ, ਪੈੱਨ ਪੈਨਸਲ, ਟੇਪ ਆਦਿ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ।

**ਜਗ੍ਹਾ ਬਣਾਉਣਾ**- ਸਭ ਤੋਂ ਪਹਿਲਾਂ ਤਾਂ ਜੋ ਢੇਰ ਆਪ ਹਟਾਉਣਾ ਚਾਹੁੰਦੇ ਹੋ, ਉਸ ਨੂੰ ਟਿਕਾਣੇ ਲਗਾਉਣ ਦਾ ਇੰਤਜ਼ਾਮ ਕਰੋ। ਵਿਚਾਰ ਕਰੋ ਕਿ ਤੁਸੀਂ ਆਪਣੇ ਦਫਤਰ ਨੂੰ ਕਿਹੋ ਜਿਹਾ ਰੂਪ ਦੇਣਾ ਚਾਹੁੰਦੇ ਹੋ। ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਤੁਹਾਡਾ ਦਫਤਰ ਕਿਸ ਤਰ੍ਹਾਂ ਦਾ ਹੈ।ਬੇਕਾਰ ਚੀਜ਼ਾਂ ਦਾ ਨਿਪਟਾਰਾ- ਕਿਸੇ ਵੀ ਇਕ ਜਗ੍ਹਾ ਤੋਂ ਚੀਜ਼ਾਂ ਨੂੰ ਹਟਾਉਣਾ ਸ਼ੁਰੂ ਕਰ ਦਿਓ। ਵਿਚਕਾਰ 'ਚ ਜੋ ਚੀਜ਼ਾਂ ਜ਼ਰੂਰੀ ਲੱਗਦੀਆਂ ਹਨ, ਉਸ ਨੂੰ ਨਾਲ- ਨਾਲ ਸਹੀ ਥਾਂ 'ਤੇ ਰੱਖਦੇ ਜਾਓ ਪਰ ਸਭ ਭਵਿੱਖ ਲਈ ਬਚਾ ਕੇ ਰੱਖਣ ਦੀ ਲਾਲਸਾ ਤੋਂ ਬਚੋ।

**ਸਫਾਈ ਕਰੋ** : ਦਫਤਰ ਜਾਂ ਡੈਸਕ ਦੀ ਸਫਾਈ ਤਾਂ ਹੀ ਸ਼ੁਰੂ ਕਰੋ ਜਦੋਂ ਸਾਰਾ ਬੇਕਾਰ ਸਾਮਾਨ ਹਟ ਜਾਵੇ । ਸਫਾਈ ਦੀ ਸ਼ੁਰੂਆਤ ਧੂਲ-ਮਿੱਟੀ ਨੂੰ ਵੈਕਿਊਮ ਕਲੀਨਰ ਜਾਂ ਗਿੱਲੇ ਕੱਪੜੇ ਨਾਲ ਹਟਾ ਕੇ ਹੋ ਸਕਦੀ ਹੈ।



**ਉਪਕਰਨਾਂ ਦੀ ਸੰਭਾਲ**: ਇੱਧਰ-ਓਧਰ ਖਿੱਲਰੇ ਉਪਕਰਨਾਂ ਨੂੰ ਉਨ੍ਹਾਂ ਦੀ ਸਹੀ ਥਾਂ 'ਤੇ ਠੀਕ ਢੰਗ ਨਾਲ ਰੱਖੋ । ਇੱਧਰ- ਓਧਰ ਖਿੱਲਰੀਆਂ ਬਿਜਲੀ ਦੀਆਂ ਤਾਰਾਂ ਨੂੰ ਵੀ ਨਾਲ ਦੀ ਨਾਲ ਠੀਕ ਕਰਵਾ ਲਓ। ਕੰਪਿਊਟਰਾਂ 'ਤੇ ਵਧੇਰੇ ਧੂੜ ਜੰਮ ਜਾਂਦੀ ਹੈ, ਜਿਸ ਨੂੰ ਨਰਮ ਕੱਪੜਿਆਂ ਨੂੰ ਹਲਕਾ-ਜਿਹਾ ਗਿੱਲਾ ਕਰ ਕੇ ਸਾਫ ਕਰੋ, ਨਾਲ ਹੀ ਨਾਲ ਟੈਲੀਫੋਨ, ਪ੍ਰਿੰਟਰ, ਫੈਕਸ ਮਸ਼ੀਨ ਆਦਿ ਦੇ ਨਾਲ ਵੀ ਅਜਿਹਾ ਹੀ ਕਰੋ। ਫਰਨੀਚਰ ਨੂੰ ਵੀ ਨਾ ਭੁੱਲੋ।

**ਚੀਜ਼ਾਂ ਨੂੰ ਠੀਕ ਢੰਗ ਨਾਲ ਰੱਖੋ**: ਜਦੋਂ ਤੁਹਾਡਾ ਦਫਤਰ ਸਹੀ ਹੋਵੇਗਾ ਜੋ ਤਾਂ ਹੀ ਤੁਸੀਂ ਸਹੀ ਢੰਗ ਨਾਲ ਕੰਮ ਕਰ ਸਕਦੇ ਹੋ, ਇਸ ਲਈ ਸਾਰੀਆਂ ਜ਼ਰੂਰੀ ਚੀਜ਼ਾਂ ਨੂੰ ਉਨ੍ਹਾਂ ਲਈ ਨਿਸ਼ਚਿਤ ਕੀਤੇ ਗਏ ਥਾਂ 'ਤੇ ਰੱਖੋ।

# ਚੜ੍ਹਦੀ ਕਲਾ ਦਾ ਪ੍ਰਤੀਕ : ਹੋਲਾ-ਮਹੱਲਾ

ਬਸੰਤ ਰੁੱਤ ਵਾਂਗ ਹੋਲੀ ਵੀ ਭਾਰਤੀਆਂ ਦਾ ਮੌਸਮੀ ਤਿਉਹਾਰ ਹੈ। ਸਰਦੀਆਂ ਮੁੱਕਣ ਤੇ ਜਦੋਂ ਮੌਸਮ ਥੋੜ੍ਹਾ ਜਿਹਾ ਖੁੱਲ੍ਹਾ ਆ ਜਾਂਦਾ ਹੈ, ਨਾ ਬਹੁਤੀ ਠੰਡ ਨਾ ਗਰਮੀ, ਲੋਕ ਕੱਪੜਿਆਂ ਦਾ ਆਪਣੇ ਸਰੀਰ ਤੋਂ ਵਾਧੂ ਭਾਰ ਲਾਹ ਕੇ ਹੋਲੇ ਹੋ ਜਾਂਦੇ ਹਨ। ਹੋਲੀ ਸਮੁੱਚੇ ਭਾਰਤ ਦਾ ਤਿਉਹਾਰ ਹੈ ਤੇ ਹੋਲਾ-ਮਹੱਲਾ ਕੇਵਲ ਪੰਜਾਬ ਦਾ ਖ਼ਾਸ ਕਰਕੇ ਸਿੱਖਾਂ ਦਾ ਇਕ ਪ੍ਰਸਿੱਧ ਮੌਸਮੀ ਤਿਉਹਾਰ ਹੈ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿਦਿਆ ਵਿਚ ਨਿਪੁੰਨ ਕਰਨ ਲਈ ਮਸਨੂਈ ਜੰਗ ਦੀ ਇਹ ਰੀਤ ਚਲਾਈ। ਪੈਦਲ, ਘੋੜ ਸਵਾਰ ਤੇ ਸ਼ਸਤਰਧਾਰੀ ਸਿੰਘਾਂ ਦੇ ਦੋ ਦਲ ਬਣਾ ਕੇ ਪ੍ਰਧਾਨ ਸਿੱਖਾਂ ਦੇ ਹੇਠ ਇਕ ਖ਼ਾਸ ਥਾਂ ਤੇ ਹਮਲਾ ਕਰਨਾ। ਕਲਗੀਧਰ ਪਾਤਸ਼ਾਹ ਆਪ ਮਸਨੂਈ ਜੰਗ (ਮਹਲਾ) ਦਾ ਕਰਤੱਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁੱਭ ਸਿੱਖਿਆ ਦਿੰਦੇ, ਜੋ ਦਲ ਕਾਮਯਾਬ ਹੋ ਜਾਂਦਾ ਉਸ ਨੂੰ ਦੀਵਾਨ ਵਿਚ ਸਿਰੋਪਾਓ ਬਖਸ਼ਦੇ। ਭਾਈ ਵੀਰ ਸਿੰਘ ਅਨੁਸਾਰ ਮਹੱਲਾ ਸ਼ਬਦ ਤੋਂ ਭਾਵ ਹੈ ਮਯ ਹੱਲਾ ਭਾਵ ਬਨਾਵਟੀ ਹੱਲਾ। ਹੋਲਾ-ਮਹੱਲਾ ਦੀ ਪ੍ਰੰਪਰਾ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ ਤੇ ਚਲਾਈ। ਹੋਲਾ-ਮਹੱਲਾ ਸੰਬੰਧੀ ਇਕ ਵਿਸ਼ੇਸ਼ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਸਿੱਖ ਧਰਮ ਨਾਲ ਸੰਬੰਧਿਤ ਦਿਹਾੜੇ ਵੱਖ-ਵੱਖ ਧਰਮ ਅਸਥਾਨਾਂ ਵਿਖੇ ਮਨਾਏ ਜਾਂਦੇ ਹਨ ਪਰ ਹੋਲਾ-ਮਹੱਲਾ ਵਿਸ਼ੇਸ਼ ਤੌਰ ਤੇ ਸ੍ਰੀ ਅਨੰਦਪੁਰ ਸਾਹਿਬ ਨਾਲ ਹੀ ਸੰਬੰਧਿਤ ਹੈ। ਉਂਝ ਇਹ ਤਿਉਹਾਰ ਅੰਮ੍ਰਿਤਸਰ, ਡੇਰਾ ਸੰਤਪੁਰਾ ਯਮੁਨਾ ਨਗਰ (ਹਰਿਆਣਾ), ਪਾਉਂਟਾ ਸਾਹਿਬ (ਹਿਮਾਚਲ ਪ੍ਰਦੇਸ਼), ਨਾਂਦੇੜ (ਹਜ਼ੂਰ ਸਾਹਿਬ) ਵਿਖੇ ਵੀ ਮਨਾਇਆ ਜਾਂਦਾ ਹੈ। ਅਜਿਹੇ ਮਨਮੋਹਣੇ ਸਮੇਂ ਸੰਗਤਾਂ ਵੱਖ-ਵੱਖ ਰਸਤਿਆਂ ਤੋਂ ਅਨੰਦਪੁਰ ਸਾਹਿਬ, ਤੁਰੀਆਂ ਜਾਂਦੀਆਂ ਦਿਸਦੀਆਂ ਹਨ। ਮਾਘੀ ਮੁਕਤਸਰ ਮੇਲੇ ਵਾਂਗ ਹੀ ਇਥੇ ਅਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਆਰੰਭ ਹੋਣ ਤੋਂ ਮਹੀਨਾ ਭਰ ਪਹਿਲਾਂ ਹੀ ਗੁਰੂ ਦੀਆਂ ਲਾਡਲੀਆਂ ਫ਼ੌਜਾਂ, ਨਿਹੰਗ ਸਿੰਘਾਂ ਦੇ ਦਲ ਘੋੜਿਆਂ ਤੇ ਸਵਾਰ ਨਗਾਰੇ ਵਜਾਉਂਦੇ, ਸ਼ਸਤਰਾਂ-ਬਸਤਰਾਂ 'ਚ ਸਜੇ ਹੋਏ ਸਿੰਘ ਅਨੰਦਪੁਰ ਸਾਹਿਬ ਵਿਖੇ ਪਹੁੰਚਦੇ ਹਨ।

**ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ॥**



**ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ॥** (ਦਸਮ ਗ੍ਰੰਥ)

ਹੋਲੇ-ਮਹੱਲੇ ਦਾ ਸ਼ਸਤਰ ਵਿਦਿਆ ਤੇ ਖ਼ਾਲਸੇ ਦੀ ਚੜ੍ਹਦੀ ਕਲਾ ਨਾਲ ਕਿੰਨਾ ਗੂੜ੍ਹਾ ਸੰਬੰਧ ਹੈ। ਇਹ ਗੱਲ ਕਵੀ ਨਿਹਾਲ ਸਿੰਘ ਨੇ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਇੰਝ ਸਪਸ਼ਟ ਕੀਤੀ ਹੈ।

***ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ।***
***ਛਕਾ ਪ੍ਰਸ਼ਾਦ ਸਜਾ ਦਸਤਾਰਾ ਅਰੁ ਕਰ ਦੋਨਾ ਟੋਲਾ ਹੈ।***
***ਸੁਭਟ ਸੁਚਾਲਾ ਅਰੁ ਲਖ ਬਾਹਾਂ ਕਲਗਾ ਸਿੰਘ ਸੁਚੋਲਾ ਹੈ।***
***ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।***

ਹੋਲੀ ਬਾਰੇ ਕਿਹਾ ਜਾਂਦਾ ਹੈ ਕਿ ਇਸ ਦਿਨ ਰਾਜਾ ਹਰਨਾਖਸ਼ ਨੇ ਭਗਤ ਪ੍ਰਹਿਲਾਦ ਨੂੰ ਆਪਣੀ ਭੈਣ ਹੋਲਿਕਾ ਦੀ ਗੋਦੀ 'ਚ ਬਿਠਾ ਕੇ ਸਾੜਨ ਦੀ ਕੋਸ਼ਿਸ਼ ਕੀਤੀ। ਹੋਲਿਕਾ ਨੂੰ ਵਰ ਸੀ ਕਿ ਉਹ ਅੱਗ ਵਿਚ ਨਹੀਂ ਸੜ ਸਕਦੀ ਪਰ ਹੋਲਿਕਾ ਸੜ ਗਈ। ਭਾਈ ਗੁਰਦਾਸ ਜੀ ਕਹਿੰਦੇ ਹਨ- **ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।** ਪ੍ਰਹਿਲਾਦ ਬਚ ਗਿਆ। ਇਸ ਦਾ ਜ਼ਿਕਰ ਗੁਰਬਾਣੀ ਵਿਚ ਵੀ ਆਉਂਦਾ ਹੈ

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥*

ਗੁਰਮਤਿ ਸਾਹਿਤ 'ਚ ਪ੍ਰਹਿਲਾਦ ਦੇ ਪਿਤਾ ਨੂੰ ਹਰਨਾਖਸ਼ ਲਿਖਿਆ ਹੈ। ਭਾਈ ਗੁਰਦਾਸ ਜੀ ਦੀ 24ਵੀਂ ਵਾਰ ਵਿਚ ਲਿਖਿਆ ਹੈ।

**ਘਰਿ ਹਰਣਾਖਸ ਦੈਂਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।**
**ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ**

ਉਸ ਦਿਨ ਤੋਂ ਹੀ ਹੋਲੀ ਦਾ ਤਿਉਹਾਰ ਪੂਰੇ ਭਾਰਤ 'ਚ ਹਰ ਸਾਲ ਮਨਾਇਆ ਜਾਣ ਲੱਗ ਪਿਆ। ਪਰ ਅੱਜ ਹੋਲੀ ਦਾ ਤਿਉਹਾਰ ਗੰਦ-ਮੰਦ ਵਰਸਾਉਣ, ਗਾਲੀ-ਗਲੋਚ, ਲੜਾਈ- ਝਗੜੇ, ਸ਼ਰਾਬ ਪੀਣ ਅਤੇ ਸੁਦਰਾਂ ਦੀ ਬੇਇੱਜ਼ਤੀ ਕਰਨਾ ਆਦਿ ਬਣ ਗਿਆ ਹੈ।

ਗੁਰਬਾਣੀ 'ਚ ਹੋਲੀ ਦਾ ਸੰਬੰਧ ਆਤਮਿਕ ਖ਼ੁਸ਼ੀ ਦੇ ਲਾਲ-ਗੁਲਾਲ ਰੂਹਾਨੀ ਚੜ੍ਹਤ ਦਾ ਰੰਗ ਹੋ ਨਿਬੜਿਆ।

***ਆਜੁ ਹਮਾਰੈ ਬਨੇ ਫਾਗ॥ ਪ੍ਰਭ ਸੰਗੀ ਮਿਲਿ ਖੇਲਨ ਲਾਗ॥***
***ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ॥***

ਹੋਲੀ ਹੀ ਇਕ ਅਜਿਹਾ ਤਿਉਹਾਰ ਹੈ ਜਿਸ ਦਿਨ ਲੋਕ ਆਪਣੇ ਪੁਰਾਣੇ ਜਾਂ ਹੰਢੇ ਹੋਏ ਕੱਪੜੇ ਕੱਢ ਕੇ ਪਾਉਂਦੇ ਹਨ। ਉਨ੍ਹਾਂ ਦੇ ਚਿਹਰਿਆਂ ਤੇ ਰੌਣਕ ਅਤੇ ਖ਼ੁਸ਼ੀ ਕਿਤੇ ਦੁਗਣੀ-ਚੌਗੁਣੀ ਝਲਕਦੀ ਹੁੰਦੀ ਹੈ ਇਹ ਰੰਗ ਆਪਣੀ ਮਹਿਕ ਨਾਲ ਲੋਕਾਂ ਦੇ ਚਿਹਰੇ ਖਿੜਾਉਂਦੇ ਹਨ ਉਥੇ ਇਨ੍ਹਾਂ ਰੰਗਾਂ ਵਿਚ ਰੰਗੇ ਲੋਕ ਧਰਮਾਂ, ਜਾਤਾਂ, ਗੋਤਾਂ, ਮਜ਼ਹਬਾਂ ਤੇ ਅਮੀਰੀ ਗਰੀਬੀ ਦੇ ਭੇਦ ਭੁਲਾ ਕੇ ਇਕ ਦੂਜੇ ਨੂੰ ਗਲ ਨਾਲ ਲਾਉਂਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੇ ਤਿਉਹਾਰ ਨੂੰ ਹੋਲੇ-ਮਹੱਲੇ ਦਾ ਰੂਪ ਦੇ ਕੇ ਪ੍ਰਚਲਿਤ ਕੀਤਾ ਤਾਂ ਸਿੰਘ ਇਸ ਉਤਸਵ ਵਿਚ ਬੜੇ ਜੋਸ਼ ਤੇ ਸੱਜ-ਧੱਜ ਨਾਲ ਸ਼ਾਮਲ ਹੋਏ। ਗੁਰੂ ਸਾਹਿਬ ਸਿੱਖਾਂ ਨੂੰ ਵੱਖ-ਵੱਖ ਰੰਗਾਂ ਦੇ ਪੁਸ਼ਾਕੇ ਪਾ ਕੇ ਦੋ ਹਿੱਸਿਆਂ ਵਿਚ ਵੰਡ ਦਿੰਦੇ, ਇਕ ਹਿੱਸਾ ਦੂਰ ਜੰਗਲ ਵਿਚ ਆਪਣਾ ਡੇਰਾ ਲਾਉਂਦਾ ਦੂਜਾ ਉਸ ਉਪਰ ਹੱਲਾ ਬੋਲਦਾ। ਨਗਾਰਾ ਵੱਜਦਾ, ਸਿੰਘ ਘੋੜਿਆਂ ਉਪਰ ਸਵਾਰ ਹੋ ਕੇ ਸ਼ਸਤਰ ਲੈ ਕੇ ਮਾਰੋ-ਮਾਰ ਕਰਦੇ ਦੂਜਿਆਂ ਉਪਰ ਹੱਲਾ ਕਰਦੇ। ਉਹ ਵੀ ਅਗੋਂ ਜੋਸ਼ ਬਹਾਦਰੀ ਨਾਲ ਇਨ੍ਹਾਂ ਦਾ ਮੁਕਾਬਲਾ ਕਰਦੇ। ਇਕ ਤਰ੍ਹਾਂ ਦੋ ਦਿਨ ਫ਼ਰਜ਼ੀ ਲੜਾਈਆਂ ਦਾ ਸਿਲਸਿਲਾ ਜਾਰੀ ਰਹਿੰਦਾ। ਤੀਜੇ ਦਿਨ ਮਹੱਲਾ ਕੱਢਿਆ ਜਾਂਦਾ ਜਿਸ ਵਿਚ ਘੋੜ ਸਵਾਰੀ ਤੇ ਸ਼ਸ਼ਤਰਾਂ ਦੇ ਕਰਤੱਬ ਦਿਖਾਉਂਦੇ। ਸਭ ਤੋਂ ਪਹਿਲਾਂ ਗੁਰੂ ਸਾਹਿਬ ਘੋੜਾ ਦੁੜਾਉਂਦੇ, ਤੀਰ ਨਾਲ ਦੇਗ ਨੂੰ ਭੋਗ ਲਾਉਣ ਕਾਰਨ ਇਹ ਕੜਾਹ-ਪ੍ਰਸ਼ਾਦ ਬਣ ਜਾਂਦਾ, ਫਿਰ ਕੁਝ ਤੀਰ ਨਾਲ ਇਸੇ ਤਰ੍ਹਾਂ ਪ੍ਰਸ਼ਾਦ ਚੁੱਕਦੇ, ਸਮਾਪਤੀ ਸਮੇਂ ਸਿੰਘ ਰੱਜ-ਰੱਜ ਕੇ ਦੇਗ ਛਕ ਕੇ ਨਿਹਾਲ ਹੁੰਦੇ ਸਨ। ਵਰਤਮਾਨ ਸਮੇਂ ਸ੍ਰੀ ਅਨੰਦਪੁਰ ਸਾਹਿਬ ਪਹਿਲੇ ਦੋ ਦਿਨ ਤਾਂ ਵਿਸ਼ੇਸ਼ ਦੀਵਾਨ ਸਜਦੇ ਹਨ। ਪ੍ਰਸਿਧ ਰਾਗੀ, ਢਾਡੀ, ਪ੍ਰਚਾਰਕ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ, ਸਿਆਸੀ ਕਾਨਫਰੰਸਾਂ ਹੁੰਦੀਆਂ ਹਨ। ਆਖਰੀ ਦਿਨ ਮੁਹੱਲੇ ਵਾਲੇ ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਘਾਟੀ ਤੋਂ ਚਮਕਦੇ ਪਿੰਡ ਵੱਲ ਖੂਬਸੂਰਤ ਘੋੜਿਆਂ ਉਪਰ ਖਾਲਸਾਈ ਜਾਹੋ-ਜਲਾਲ ਨਾਲ ਚਮਕਦੇ ਸਿੰਘ ਵਾਹੋ-ਦਾਹੀ ਭੱਜੇ ਜਾਂਦੇ ਕਰਤੱਬ ਦਿਖਾਉਂਦੇ ਹਨ। ਅਰਦਾਸ ਹੈ, ਵਾਹਿਗੁਰੂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਇਸ ਵਾਰ ਵੀ ਹੋਲਾ-ਮਹੱਲਾ ਮਨਾਉਣ ਲਈ ਪ੍ਰੇਮ, ਪਿਆਰ ਤੇ ਉਤਸ਼ਾਹ ਦੇ ਨਾਲ- ਨਾਲ ਵੱਧ ਤੋਂ ਵੱਧ ਬਲ ਤੇ ਉੱਦਮ ਪ੍ਰਦਾਨ ਕਰੇ।

**-ਕਰਨੈਲ ਸਿੰਘ ਐਮ.ਏ**

# ਸੱਤਵੇਂ ਗੁਰੂ ਸਾਹਿਬ ਜੀ ਚਰਨ ਛੋਹ ਪ੍ਰਾਪਤ ਪਵਿੱਤਰ ਅਸਥਾਨ ਗੁਰਦੁਆਰਾ ਹਰੀਆਂ ਵੇਲਾਂ

ਸ਼ਰਧਾ ਨਾਲ ਨਤਮਸਤਕ ਹੋਣ ਵਾਲੇ ਹਰ ਸ਼ਰਧਾਲੂ ਦੀਆਂ ਲੋਕ ਤੇ ਪ੍ਰਲੋਕ ਵਿੱਚ ਵੇਲਾਂ ਹਰੀਆਂ ਕਰਨ ਵਾਲਾ ਇਕ ਪਵਿੱਤਰ ਅਸਥਾਨ ਗੁਰਦੁਆਰਾ ਹਰੀਆਂ ਵੇਲਾਂ ਪਾਤਸ਼ਾਹੀ ਸੱਤਵੀਂ ਹੈ, ਜਿੱਥੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਹਾਰਾਜ ਨੇ ਪੰਜਾਬ ਦੇ ਪ੍ਰਸਿੱਧ ਇਤਿਹਾਸਿਕ ਅਸਥਾਨ ਸ੍ਰੀ ਕੀਰਤਪੁਰ ਸਾਹਿਬ ਤੋਂ ਚੱਲ ਕੇ 2200 ਘੋੜ ਸਵਾਰ ਸੈਨਾ ਸਮੇਤ 1651 ਈ: ਸੰਮਤ 1708 ਬਿਕਰਮੀ ਨੂੰ ਆਪਣੇ ਪਵਿੱਤਰ ਚਰਨਾਂ ਦੀ ਛੋਹ ਦੁਆਰਾ ਇਸ ਪਾਵਨ ਅਸਥਾਨ ਨੂੰ ਰਮਣੀਕ ਬਣਾਇਆ। ਸਤਿਗੁਰੂ ਜੀ ਇਸ ਜਗ੍ਹਾ ਤਿੰਨ ਦਿਨ ਰਹੇ। ਇੱਥੇ ਆਪ ਜੀ ਦੇ ਸ਼ਰਧਾਲੂ ਬਾਬਾ ਪਰਜਾਪਤਿ ਵਲੋਂ ਸਤਿਗੁਰਾਂ ਦੀ ਸੰਗਤਾਂ ਦੀ ਅਤੇ ਸਤਿਗੁਰਾਂ ਦੇ ਘੋੜਿਆਂ ਦੀ ਪੂਰੀ ਸ਼ਰਧਾ ਨਾਲ ਸੇਵਾ ਕੀਤੀ ਗਈ। ਇਸੇ ਦੌਰਾਨ ਆਪਣੇ ਘੋੜੇ ਨੂੰ ਖੂਬ ਪ੍ਰਸੰਨ ਹੋਏ ਦੇਖ ਕੇ ਸਤਿਗੁਰਾਂ ਨੇ ਬਾਬਾ ਪਰਜਾਪਤਿ ਨੂੰ ਪੁੱਛਿਆ ਕਿ ਤੁਸੀਂ ਅੱਜ ਘੋੜੇ ਨੂੰ ਕੀ ਖੁਆ ਦਿੱਤਾ ਹੈ ਤਾਂ ਪਰਜਾਪਤਿ ਨੇ ਨਿਮਰਤਾ ਸਹਿਤ ਹੱਥ ਜੋੜ ਕੇ ਕਿਹਾ ਕਿ ਸਤਿਗੁਰੂ ਜੀ ਮੈਂ ਤੁਹਾਡੇ ਘੋੜੇ ਨੂੰ ਕੀ ਖੁਆ ਸਕਦਾ ਹਾਂ, ਸਿਰਫ ਕੁੱਝ ਹਰੀਆਂ ਵੇਲਾਂ ਸਨ ਜੋ ਮੈਂ ਤੁਹਾਡੇ ਘੋੜੇ ਨੂੰ ਸ਼ਰਧਾ ਨਾਲ ਖੁਆਈਆਂ ਹਨ ਤਾਂ ਸ੍ਰੀ ਗੁਰੂ ਹਰਿ ਰਾਇ ਜੀ ਨੇ ਵਚਨ ਕੀਤਾ ਕਿ ਬਾਬਾ ਪਰਜਾਪਤਿ ਜੀ ਇਹ ਵੇਲਾਂ ਇਥੇ ਹੁਣ ਹਮੇਸ਼ਾ ਹਰੀਆਂ ਹੀ ਰਹਿਣਗੀਆਂ ਅਤੇ ਇੱਥੇ ਹੀ ਨਹੀਂ ਸਗੋਂ ਤੁਹਾਡੀਆਂ ਤਾਂ ਲੋਕ ਤੇ ਪਰਲੋਕ ਵਿੱਚ ਵੀ ਵੇਲਾਂ ਹਰੀਆਂ ਹੀ ਰਹਿਣਗੀਆਂ। ਸਤਿਗੁਰਾਂ ਦੇ ਕੀਤੇ ਬਚਨਾਂ ਸਦਕਾ ਅੱਜ ਵੀ ਉਹ ਵੇਲਾਂ ਹਰੀਆਂ ਹੀ ਹਨ ਅਤੇ ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ ਦੇ ਸਾਹਮਣੇ ਸੁਸ਼ੋਭਿਤ ਹਨ। ਇਸ ਕਰਕੇ ਹੀ ਇਸ ਪਾਵਨ ਅਸਥਾਨ ਦਾ ਨਾਂ ਵੀ ਗੁਰਦੁਆਰਾ ਹਰੀਆਂ ਵੇਲਾਂ ਕਰਕੇ ਜਾਣਿਆ ਜਾਂਦਾ ਹੈ।





ਇਹ ਪਾਵਨ ਅਸਥਾਨ ਜ਼ਿਲ੍ਹਾ ਹੁਸ਼ਿਆਰਪੁਰ ਸ਼ਹਿਰ ਤੋਂ ਅੱਠ ਕਿਲੋਮੀਟਰ ਦੂਰ ਹੁਸ਼ਿਆਰਪੁਰ-ਚੰਡੀਗੜ੍ਹ ਮੁੱਖ ਸੜਕ 'ਤੇ ਪੈਂਦੇ ਅੱਡਾ ਚੱਗਰਾਂ ਤੋਂ ਲਹਿੰਦੇ ਪਾਸੇ ਦੀ ਦਿਸ਼ਾ ਵੱਲ ਦੋ ਕਿਲਮੀਟਰ ਦੀ ਦੂਰੀ 'ਤੇ ਸੁਸ਼ੋਭਿਤ ਹੈ। ਇਸ ਜਗ੍ਹਾ 'ਤੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਇੱਥੇ ਬਾਬਾ ਪ੍ਰਜਾਪਤਿ ਦਾ ਘਰ ਸੀ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਹਾਰਾਜ ਦੇ ਇਸ ਅਸਥਾਨ 'ਤੇ ਆਉਣ ਬਾਰੇ ਸੁਣ ਕੇ ਦੂਰ-ਦੁਰਾਡੇ ਤੋਂ ਸਭ ਸੰਗਤਾਂ ਇਥੇ ਇਕੱਤਰ ਹੋ ਗਈਆਂ। ਬਖਸ਼ਿਸ਼ਾਂ ਦੇ ਭੰਡਾਰ, ਨੂਰੀ-ਜੋਤਿ ਦੇ ਅਗੰਮੀ ਨਾਦ- ਸ਼ਬਦ ਨੇ ਅੰਧੇਰ ਨੂੰ ਇੱਕ ਦਮ ਜਗਮਗਾ ਦਿੱਤਾ। ਰੱਬ ਦੇ ਪਿਆਰ ਵਾਲੇ ਭੌਰੇ ਗੁਰੂ ਜੀ ਦੇ ਪਵਿੱਤਰ ਚਰਨਾਂ ਤੋਂ ਨਿਛਾਵਰ ਹੋਣ ਲਈ ਉਮੜ ਪਏ। ਨਿਮਰਤਾ ਦੇ ਪੁੰਜ ਸਾਹਿਬ ਸਤਿਗੁਰੂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਹਾਰਾਜ ਇੱਥੇ ਤਿੰਨੇ ਦਿਨ ਸਵੇਰੇ ਸ਼ਾਮ ਧਾਰਮਿਕ ਦੀਵਾਨ ਸਜਾ ਕੇ ਸੰਗਤਾਂ ਨੂੰ ਰੱਬੀ ਰੰਗ ਵਿੱਚ ਰੰਗਦੇ ਅਤੇ ਸਰਬ ਸਾਂਝੀਵਾਲਤਾ ਤੇ ਸਰਬਤ ਦੇ ਭਲੇ ਦਾ ਉਪਦੇਸ਼ ਦਿੰਦੇ ਰਹੇ। ਇਸ ਪਵਿੱਤਰ ਅਸਥਾਨ ਦੀ ਹੋਰ ਇਤਿਹਾਸਕ ਮਹੱਤਤਾ ਇਹ ਵੀ ਹੈ ਕਿ ਇਸ ਪਾਵਨ ਅਸਥਾਨ 'ਤੇ ਵੱਡੇ ਸਾਹਿਬਜਾਦੇ ਬਾਬਾ ਅਜੀਤ ਸਿੰਘ ਜੀ ਸੌ ਸਿੰਘਾਂ ਦੇ ਜਥੇ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ ਮਾਹਿਲਪੁਰ ਗੁਰਦੁਆਰਾ ਸ਼ਹੀਦਾਂ ਲੱਧੇਵਾਲ, ਗੁਰਦੁਆਰਾ ਚਖੰਡ ਸਾਹਿਬ ਬਜਰਾਵਰ ਤੋਂ ਹੁੰਦੇ ਹੋਏ 1760 ਬਿਕਰਮੀ ਨੂੰ ਪਰਸ ਰਾਮ ਬ੍ਰਾਹਮਣ ਦੀ ਇਸਤਰੀ ਨੂੰ ਜਾਬਰ ਖਾਂ ਤੋਂ ਛੁਡਵਾਉਣ ਲਈ ਪੁਜੇ ਸਨ। ਦੱਖਣ ਦੀ ਦਿਸ਼ਾ ਵੱਲ ਗੁਰਦੁਆਰਾ ਹਰੀਆਂ ਵੇਲਾਂ ਸਾਹਿਬ ਦੇ ਪਾਸ ਜੋ ਨਿਸ਼ਾਨ ਸਾਹਿਬ ਸੁਸ਼ੋਭਿਤ ਹੈ ਇੱਥੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਆ ਕੇ ਬੈਠੇ ਸਨ। ਜਾਬਰ ਖਾਂ ਨਾਲ ਭਾਰੀ ਲੜਾਈ ਹੋਈ, ਜਿਸ ਵਿੱਚ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ, ਜਿਨ੍ਹਾਂ ਦਾ ਅੰਤਿਮ ਸੰਸਕਾਰ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਹੀ ਕਰ ਦਿੱਤਾ ਗਿਆ (ਜਿੱਥੇ ਹੁਣ ਗੁਰਦੁਆਰਾ ਸ਼ਹੀਦਾਂ ਬਣਿਆ ਹੋਇਆ ਹੈ)। ਜਾਬਰ ਖਾਂ ਨੂੰ ਪਕੜ ਕੇ ਸਾਹਿਬ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੇਸ਼ ਕੀਤਾ ਗਿਆ ਅਤੇ ਸਜਾ ਦਿੱਤੀ। ਇਸ ਅਸਥਾਨ 'ਤੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਪਹੁੰਚ ਕੇ ਸੰਗਤਾਂ ਤੇ ਵੱਡਾ ਪਰਉਪਕਾਰ ਕੀਤਾ।

ਗੁਰਦੁਆਰਾ ਹਰੀਆਂ ਵੇਲਾਂ ਸਾਹਿਬ ਦੇ ਨਜ਼ਦੀਕ ਹੀ ਇੱਕ ਪਵਿੱਤਰ ਇਤਿਹਾਸਕ ਸਰੋਵਰ ਵੀ ਹੈ ਜੋ ਕਿ ਸੰਗਤਾਂ ਦੀ ਬੇਨਤੀ ਪ੍ਰਵਾਨ ਕਰ ਕੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਹਾਰਾਜ ਨੇ ਧਰਤੀ 'ਚ ਤੀਰ ਮਾਰ ਕੇ ਇਥੋਂ ਜਲ ਦਾ ਸੋਮਾ ਪ੍ਰਗਟ ਕੀਤਾ ਅਤੇ ਸੱਚੇ ਨਿਸ਼ਚੇ ਨਾਲ ਇੱਥੇ ਇਸ਼ਨਾਨ ਕਰਨ ਵਾਲੇ ਹਰ ਸ਼ਰਧਾਲੂ ਨੂੰ ਦੇਹ ਅਰੋਗਤਾ ਦਾ ਵਰ ਵੀ ਦਿੱਤਾ।

ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਪਾਤਸ਼ਾਹੀ ਦਸਵੀਂ (ਹਿਮਾਚਲ ਪ੍ਰਦੇਸ਼) ਨੂੰ ਪਤਿਤ ਮਹੰਤਾਂ ਕੋਲੋਂ ਆਜ਼ਾਦ ਕਰਾਉਣ ਲਈ 1964 ਈ: ਵਿੱਚ ਵਾਪਰੇ ਖੂਨੀ ਸਾਕੇ ਦੌਰਾਨ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਜਥੇਬੰਦੀ ਦੇ 11 ਨਿਹੰਗ ਸਿੰਘ ਸ਼ਹੀਦ ਹੋਏ ਅਤੇ 3 ਨਿਹੰਗ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ।

ਸ੍ਰੀ ਪਾਉਂਟਾ ਸਾਹਿਬ ਗੁਰਧਾਮ ਨੂੰ ਆਜ਼ਾਦ ਕਰਾਉਣ ਉਪਰੰਤ ਉਸ ਦੀ ਸੇਵਾ ਸੰਭਾਲ ਅਤੇ ਪ੍ਰਬੰਧ ਦਾ ਕਾਰਜ ਪੰਥਕ ਹੱਥਾਂ ਵਿੱਚ ਦਿੱਤਾ ਗਿਆ। ਬਾਬਾ ਜੀ ਵਲੋਂ ਦੇਸ਼ ਵਿਦੇਸ਼ ਵਿੱਚ ਵਿਚਰ ਕੇ ਗੁਰਮਤਿ ਅਨੁਸਾਰ ਸਿੱਖੀ ਦੇ ਫਲਸਫੇ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਹਰ ਸਾਲ ਸ੍ਰੀ ਗੁਰੂ ਰ ਹਰਿ ਹਰਿ ਰਾਇ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ 29 ਜਨਵਰੀ ਨੂੰ ਸਜਾਇਆ ਜਾਂਦਾ ਹੈ ਅਤੇ 31ਜਨਵਰੀ ਨੂੰ ਵਿਸ਼ਾਲ ਗੁਰਮਤਿ ਸਮਾਗਮ ਕਰਵਾ ਕੇ ਸਾਲਾਨਾ ਜੋੜ ਮੇਲਾ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

## ਜ਼ਿੰਦਾ ਸ਼ਹੀਦ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ

ਗੁਰਦੁਆਰਾ ਹਰੀਆ ਵੇਲਾਂ ਪਾਤਸ਼ਾਹੀ ਸੱਤਵੀਂ ਸਿੱਖ ਕੌਮ ਅਤੇ ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਭਾਰੀ ਮਹੱਤਤਾ ਰੱਖਦਾ ਹੈ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਲਈ ਧਰਮ ਪ੍ਰਚਾਰ ਦਾ ਕੇਂਦਰ ਬਣਿਆ ਹੋਇਆ ਹੈ। ਮੁੱਖ॰ ਸੇਵਾਦਾਰ ਤੇ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਜਥੇਬੰਦੀ ਦੇ ਮੁਖੀ ਜ਼ਿੰਦਾ ਸ਼ਹੀਦ ਸਿੰਘ ਸਾਹਿਬ ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਦੀ ਦੇਖ ਰੇਖ ਵਿੱਚ 30 ਤੋਂ ਵੱਧ ਹੋਰ ਵੀ ਇਤਿਹਾਸਕ ਸਿੱਖ ਗੁਰਧਾਮਾਂ ਦੀ ਸੇਵਾ ਸੰਭਾਲ ਅਤੇ ਗੁਰਮਤਿ ਅਨੁਸਾਰ ਸਿੱਖੀ ਦੇ ਫਲਸਫੇ ਦਾ ਪਰਚਾਰ ਕੀਤਾ ਜਾ ਰਿਹਾ ਹੈ। ਸ੍ਰੀ ਗੁਰੂ ਹਰਿ ਰਾਇ ਸਾਹਿਬ ਸਕੂਲ-ਕਾਲਜ ਫਾਰ ਵੂਮੇਨ ਹਰੀਆਂ ਵੇਲਾਂ ਚੱਬੇਵਾਲ ਅਤੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਚੈਰੀਟੇਬਲ ਹਸਪਤਾਲ ਬਜਰਾਵਰ ਵੀ ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਦੀ ਦੇਖ ਰੇਖ ਵਿੱਚ ਕਾਰਜਸ਼ੀਲ ਹੈ। ਗੁਰਦੁਆਰਾ ਹਰੀਆਂ ਵੇਲਾਂ ਵਿਖੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਵੀ ਲਗਾਈਆਂ ਜਾ ਰਹੀਆਂ ਹਨ। ਗੱਤਕਾ ਅਤੇ ਘੋੜਸਵਾਰੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਬਾਬਾ ਜੀ ਵਲੋਂ ਦੇਸ਼ ਵਿਦੇਸ਼ ਵਿੱਚ ਵਿਚਰ ਕੇ ਗੁਰਮਤਿ ਅਨੁਸਾਰ ਸਿੱਖ ਸਿਧਾਂਤਾਂ ਦਾ ਪ੍ਰਚਾਰ ਕਰ ਕੇ ਸੰਗਤਾਂ ਨੂੰ ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲੜ ਲਾਇਆ ਜਾ ਰਿਹਾ ਹੈ। ਸਾਰੇ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਮਨਾਏ ਜਾਂਦੇ ਹਨ।



# ਪੰਜਾਬੀ ਸੱਭਿਆਚਾਰ ਦੀਆਂ ਬੋਲੀਆਂ 'ਚ ਘੂਕਦਾ ਚਰਖਾ

ਸਾਡੇ ਗੀਤਾਂ 'ਚ ਅਜੇ ਵੀ ਘੂਕਦਾ 'ਚਰਖਾ' ਸ਼ਬਦ ਫ਼ਾਰਸੀ ਦੇ ਸ਼ਬਦ 'ਚਰਖ਼' ਤੋਂ ਬਣਿਆ ਹੈ ਜਿਸ ਦਾ ਅਰਥ ਹੈ 'ਪਹੀਆ ਜਾਂ ਚੱਕਰ' । ਇਸ ਦਾ ਅਰਥ ਛੋਟੀ ਧੁਰੀ ਦਾ ਸਹਾਰਾ ਬਣਾ ਕੇ ਘੁੰਮਣ ਵਾਲੀ ਪੁਲੀ ਤੋਂ ਹੈ। ਰੇਸ਼ੇ ਨੂੰ ਕੱਸ ਕੇ ਬਰੀਕ ਧਾਗੇ ਦਾ ਰੂਪ ਦੇਣ ਵਾਸਤੇ ਵਰਤੀ ਜਾਂਦੀ ਨੋਕਦਾਰ ਤੀਲੀ ਨੂੰ ਆਸਾਨੀ ਤੇ ਤੇਜ਼ੀ ਨਾਲ ਘੁੰਮਾਉਣ ਦੀ ਲੋੜ ਚਰਖੇ ਦੀ ਕਾਢ ਦੀ ਮਾਂ ਬਣੀ। ਤੱਕਲਾ ਲੋਹੇ ਦੀ ਬਰੀਕ ਛੜ ਹੁੰਦੀ ਹੈ ਜੋ ਵਿਚਾਲੋਂ ਮੋਟੀ,ਕਿਨਾਰਿਆਂ ਤੋਂ ਪਤਲੀ, ਨੋਕਦਾਰ ਹੁੰਦੀ ਹੈ। ਸਿੱਧਾ ਕਰਨ ਨੂੰ ਤੱਕਲਾ ਰਾਸ ਕਰਨਾ ਕਿਹਾ ਜਾਂਦਾ। ਵਿੰਗਾ ਹੋਣ 'ਤੇ ਤੰਦ ਟੁੱਟਣ ਲੱਗ ਜਾਂਦੀ ਹੈ।

ਪੰਜਾਬੀ ਸਭਿਆਚਾਰ 'ਚ ਚਰਖਾ ਬਹੁ-ਭਾਵੀ ਅਰਥ ਰੱਖਦਾ ਹੈ। ਲੰਘੀ ਸਦੀ ਦੇ ਅੱਧ ਤੱਕ ਪੰਜਾਬ ਦੇ ਬਹੁ-ਗਿਣਤੀ ਘਰਾਂ ਦੇ ਵਿਹੜਿਆਂ 'ਚ ਚਰਖੇ ਦੀ ਘੂਕਰ ਆਪਣਾ ਸੰਗੀਤ ਬਿਖੇਰਦੀ ਰਹੀ ਹੈ। ਪਹਿਲਾਂ ਮਨੋਰੰਜਨ ਦੇ ਬਹੁਤੇ ਸਾਧਨ ਮੌਜੂਦ ਨਹੀਂ ਸਨ। ਇਸ ਕਰਕੇ ਲੋਕ ਕਿਰਤ ਵਿੱਚੋਂ ਹੀ ਰੋਮਾਂਚ ਮਾਣਦੇ ਸਨ ਤੇ ਬਾਹਰੀ ਗਿਆਨ ਦੀ ਥਾਂ ਘਰੇਲੂ ਆਹਰ ਦੀ ਨਿਪੁੰਨਤਾ ਤੇ ਸਚਿਆਰਤਾ ਉੱਤਮ ਮੰਨੀ ਜਾਂਦੀ ਸੀ।ਮਨੁੱਖੀ ਜੀਵਨ ਦੀਆਂ ਸਭ ਤੋਂ ਅਹਿਮ ਜ਼ਰੂਰਤਾਂ ਕੁੱਲੀ, ਗੁੱਲੀ ਤੇ ਜੁੱਲੀ ਨਾਲ ਨੇੜੇ ਤੋਂ ਜੁੜਿਆ ਹੋਣ ਕਾਰਨ ਕੱਪੜਾ ਉਦਯੋਗ ਦੇ ਯੁੱਗ ਤੋਂ



ਪਹਿਲਾਂ ਤੱਕ ਚਰਖਾ ਪੰਜਾਬ ਦੇ ਲੋਕਾਂ ਦੀ ਘਰੇਲੂ ਜ਼ਿੰਦਗੀ ਦੇ ਲਗਪਗ ਹਰ ਪਹਿਲੂ ਦਾ ਅਨਿੱਖੜਵਾਂ ਅੰਗ ਬਣਿਆ ਸੀ। ਪੋਤੜਿਆਂ ਤੋਂ ਲੈ ਕੇ ਖੱਫਣ ਤੱਕ ਦੇ ਕੱਪੜੇ ਲਈ ਲੋੜੀਂਦਾ ਧਾਗਾ ਚਰਖੇ ਦੇ ਤੱਕਲੇ ਦੀ ਨੋਕ ਤੋਂ ਆਉਂਦਾ ਰਿਹਾ ਹੈ। ਧਾਗਾ ਤੇ ਕੱਪੜਾ ਉਦਯੋਗ ਦੇ ਵਿਕਸਤ ਹੋ ਜਾਣ ਤੋਂ ਬਾਅਦ ਤੱਕ ਵੀ ਚਰਖਾ ਦਰੀਆਂ, ਖੇਸ, ਸੂਤ ਤੇ ਹੋਰ ਕਈ ਕਿਸਮ ਦੇ ਘਰੇਲੂ ਸਾਮਾਨ ਬਣਾਉਣ ਲਈ ਧਾਗਾ ਮੁਹੱਈਆ ਕਰਵਾਉਣ ਦੇ ਮੁੱਖ ਸਾਧਨ ਵਜੋਂ ਵਰਤਿਆ ਜਾਂਦਾ ਰਿਹਾ ਹੈ। ਜਦੋਂ ਵੀ ਅਸੀਂ ਪੰਜਾਬ ਦੇ ਸਭਿਆਚਾਰਕ ਤੇ ਸਮਾਜਿਕ ਜੀਵਨ ਦੇ ਪਿਛੋਕੜ ਦੀ ਗੱਲ ਕਰਦੇ ਹਾਂ ਤਾਂ ਇਸ ਉਪਰ ਕੱਪੜੇ ਦੇ ਮੁੱਢ ਰਹੇ ਇਸ ਚਰਖੇ ਦੀ ਡੂੰਘੀ ਛਾਪ ਨਜ਼ਰ ਆਉਂਦੀ ਹੈ। ਚਰਖਾ ਅੱਜ ਕੱਤਿਆ ਭਾਵੇਂ ਨਹੀਂ ਜਾਂਦਾ ਪਰ ਸਾਡੇ ਗੀਤਾਂ ਅਤੇ ਲੋਕ ਬੋਲੀਆਂ 'ਚ ਹਾਲੇ ਵੀ ਘੂਕਦਾ ਹੈ। ਚਰਖੇ ਦੇ ਤੱਕਲੇ ਨਾਲ ਤੰਦ ਜੋੜਦਿਆਂ ਹੀ ਪੰਜਾਬੀ ਮੁਟਿਆਰ ਦੇ ਬੁੱਲ੍ਹ ਆਪ ਮੁਹਾਰੇ ਹੀ ਕੋਈ ਨਾ ਕੋਈ ਬੋਲ ਛੋਹ ਲੈਂਦੇ ਜੋ ਉਸ ਦੀ ਹਰ ਤਰ੍ਹਾਂ ਦੀ ਤਤਕਾਲੀ ਭਾਵਨਾਂ ਦੀ ਆਵਾਜ਼ ਹੁੰਦਾ ਸੀ। ਉਸ ਦੇ ਮਾਹੀ ਨਾਲ ਪਿਆਰ, ਤਾਂਘ, ਉਡੀਕ ਤੇ ਮੰਗ ਲਈ ਚਰਖੇ ਜਾਂ ਚਰਖਾ ਕੱਤਣ ਦੇ ਸਮੇਂ ਨਾਲ ਜੁੜੇ ਅਨੇਕ ਕਾਵਿ-ਰੂਪ ਮਿਲਦੇ ਹਨ :

'ਚਰਖੇ ਦੀ ਘੂਕਰ ਦੇ ਓਹਲੇ,
ਪਿਆਰ ਤੇਰੇ ਦਾ ਤੂੰਬਾ ਬੋਲੇ।
ਮੈਂ ਨਿੰਮਾ ਨਿੰਮਾ ਗੀਤ ਛੇੜ ਕੇ,
ਤੰਦ ਖਿੱਚਦੀ ਹੁਲਾਰੇ ਖਾਂਵਾਂ,
ਮਾਹੀਆ ਵੇ ਤੇਰੇ ਦੇਖਣ ਨੂੰ,
ਚੁੱਕ ਚਰਖਾ ਗਲੀ ਦੇ ਵਿੱਚ ਡਾਹਵਾਂ।
'ਚਰਖਾ ਮੇਰਾ ਰੰਗ ਰੰਗੀਲਾ,
ਬਣ ਗਈ ਤੇਰੀ ਯਾਦ ਵਸੀਲਾ,
ਲੋਕਾਂ ਭਾਣੇ ਸੂਤ ਕੱਤਦੀ,
ਤੰਦ ਤੇਰੀਆਂ ਯਾਦਾਂ ਦੇ ਪਾਵਾਂ।'
ਵੇ ਮਾਹੀਆ ਤੇਰੇ ਦੇਖਣ ਨੂੰ,
ਚੁੱਕ ਚਰਖਾ ਗਲੀ ਦੇ ਵਿੱਚ ਡਾਹਵਾਂ।

ਜਦੋਂ ਮੁਟਿਆਰ ਚਰਖਾ ਕੱਤਦੀ?

ਉਸ ਦੀ ਘੂਕਰ ਨਾਲ ਇਕ ਹੋ ਜਾਂਦੀ ਤਾਂ ਦੂਰ ਹੋਏ ਮਾਹੀ ਨੂੰ ਯਾਦ ਕਰ ਉਸ ਦਾ ਮਨ ਆਪ ਮੁਹਾਰੇ ਬੋਲ ਉੱਠਦਾ :

'ਮੇਰੇ ਦਿਲ ਵਿੱਚੋਂ ਉੱਠਦੀ ਏ ਹੂਕ,
ਮਾਹੀਆ ਮੈਨੂੰ ਯਾਦ ਆਂਵਦਾ।
ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ,
ਮਾਹੀਆ ਮੈਨੂੰ ਯਾਦ ਆਂਵਦਾ।'

ਪੰਜਾਬੀ ਕੁੜੀਆਂ ਮਾਪਿਆਂ ਦੇ ਘਰ ਛੋਟੀ ਉਮਰ 'ਚ ਹੀ ਚਰਖਾ ਕੱਤਣ ਦਾ ਹੁਨਰ ਸਿੱਖ ਲੈਂਦੀਆਂ ਸਨ।

# ਭਾਬੀ ਦੇ ਰਿਸ਼ਤੇ ਦੀ ਸਾਂਝ



ਦਿਓਰ ਭਾਬੀ ਦਾ ਰਿਸ਼ਤਾ ਪੰਜਾਬੀ ਸੱਭਿਆਚਾਰ ਵਿੱਚ ਇੱਕ ਨਿਵੇਕਲਾ ਹੀ ਸਥਾਨ ਰੱਖਦਾ ਹੈ। ਇਸ ਰਿਸ਼ਤੇ ਰਾਹੀਂ ਜਿੱਥੇ ਪਰਿਵਾਰਾਂ ਦੀ ਸਾਂਝ ਤੇ ਆਪਸੀ ਪਿਆਰ ਦੀ ਤਸਵੀਰ ਉੱਘੜ ਕੇ ਸਾਹਮਣੇ ਆਉਂਦੀ ਹੈ ਉੱਥੇ ਇਹ ਰਿਸ਼ਤਾ ਵੱਡਿਆਂ ਦੇ ਛੋਟਿਆਂ ਪ੍ਰਤੀ ਫ਼ਰਜ਼ ਤੇ ਛੋਟਿਆਂ ਵੱਲੋਂ ਵੱਡਿਆਂ ਨੂੰ ਸਤਿਕਾਰ ਦੇਣ ਦਾ ਸੁਨੇਹਾ ਵੀ ਦਿੰਦਾ ਹੈ। ਜਦੋਂ ਘਰ ਵਿੱਚ ਵੱਡੇ ਲੜਕੇ ਦਾ ਵਿਆਹ ਹੁੰਦਾ ਹੈ ਤਾਂ ਉਸ ਦੇ ਛੋਟੇ ਭਰਾ ਨੂੰ ਉਸ ਦੇ ਬਰਾਬਰ ਸਰਵਾਲਾ ਬਣਾ ਕੇ ਬਿਠਾਇਆ ਜਾਂਦਾ ਹੈ।

ਕਈ ਵਾਰ ਵੱਡੇ ਮੁੰਡੇ ਨੂੰ ਵਿਆਹੁਣ ਗਏ ਜੇ ਛੋਟਾ ਮੁੰਡਾ ਵੀ ਪਸੰਦ ਆ ਜਾਂਦਾ ਸੀ ਤਾਂ ਉਸ ਨਾਲ ਉਹ ਲੋਕ ਆਪਣੀ ਛੋਟੀ ਕੁੜੀ ਵੀ ਵਿਆਹ ਦਿੰਦੇ ਸਨ ਚਾਹੇ ਉਹ ਕੁੜੀ ਦਾ ਮੁਕਲਾਵਾ ਕੁਝ ਸਮਾਂ ਰੁਕ ਕੇ ਹੀ ਤੋਰਦੇ।ਇਸ ਤਰ੍ਹਾਂ ਇਹ ਗੱਲਾਂ ਉਸ ਸਮੇਂ ਰਿਸ਼ਤਿਆਂ 'ਤੇ ਪੱਕੇ ਵਿਸ਼ਵਾਸ ਦੀਆਂ ਸਨ। ਜਦੋਂ ਵੱਡਾ ਭਰਾ ਵਿਆਹ ਕੇ ਵਹੁਟੀ ਘਰ ਲਿਆਉਂਦਾ ਹੈ ਤਾਂ ਕਈ ਰਸਮਾਂ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਵਿੱਚੋਂ ਇੱਕ ਰਸਮ ਦਿਓਰ ਨੂੰ ਭਾਬੀ ਦੀ ਗੋਦੀ ਵਿੱਚ ਬਿਠਾਇਆ ਜਾਂਦਾ ਹੈ। ਜੇ ਇਸ ਰਸਮ ਨੂੰ ਡੂੰਘਾਈ ਨਾਲ ਵੇਖੀਏ ਤਾਂ ਇਸ ਦਾ ਬਹੁਤ ਗਹਿਰਾ ਅਰਥ ਨਿਕਲਦਾ ਹੈ। ਇਸ ਰਸਮ ਦਾ ਮਤਲਬ ਇਹ ਹੁੰਦਾ ਸੀ ਕਿ ਘਰ ਵਿੱਚ ਮਾਂ ਤੋਂ ਬਾਅਦ ਉਹੀ ਵੱਡੀ ਔਰਤ ਹੁੰਦੀ ਹੈ। ਇਸ ਲਈ ਉਸ ਨੂੰ ਮਾਂ ਵਾਲੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ ਤੇ ਦਿਓਰ ਲਈ ਵੀ ਭਾਬੀ ਦੀ ਗੋਦ ਵਿੱਚ ਬੈਠ ਕੇ ਉਸ ਨੂੰ ਮਾਂ ਵਾਲਾ ਸਤਿਕਾਰ ਦੇਣ ਲਈ ਪ੍ਰੇਰਿਤ ਕੀਤਾ।ਜਾਣਾ ਸੀ- ਛੋਟਾ ਦਿਓਰ ਭਾਬੀਆਂ ਦਾ ਗਹਿਣਾ, ਪੱਟਾਂ ਵਿੱਚ ਖੇਡਦਾ ਫਿਰੇ ਇਸ ਤਰ੍ਹਾਂ ਘਰ 'ਚ ਆਉਂਦੇ ਹੀ ਜਿੱਥੇ ਨਵੀਂ ਵਹੁਟੀ ਲਈ ਅਪਣੱਤ ਪੈਦਾ ਕਰਨ ਲਈ ਇਹ ਉੱਤਮ ਰੀਤ ਸੀ

ਉੱਥੇ ਹੀ ਘਰ ਦੇ ਛੋਟਿਆਂ ਬੱਚਿਆਂ ਨੂੰ ਘਰ 'ਚ ਨਵੇਂ ਆਏ ਜੀਅ ਨੂੰ ਸਤਿਕਾਰ ਨਾਲ ਵੇਖਣ ਦੀ ਰੀਤ ਤੋਰੀ ਜਾਂਦੀ ਸੀ ਪਰ ਅੱਜ ਦੇ ਜ਼ਮਾਨੇ 'ਚ ਇਸ ਤਰ੍ਹਾਂ ਦੀਆਂ ਰਸਮਾਂ ਮਹਿਜ਼ ਵਿਖਾਵੇ ਦੇ ਤੌਰ 'ਤੇ ਸ਼ਗਨ ਕਰਕੇ ਕੰਮ ਨਿਬੇੜਨ ਵਜੋਂ ਹੀ ਨਿਭਾਈਆਂ ਜਾਣ ਲੱਗੀਆਂ ਹਨ।

### ਅਲੋਪ ਹੁੰਦੀਆਂ ਰਸਮਾਂ

ਜਦੋਂ ਦਿਓਰ ਦਾ ਵਿਆਹ ਹੁੰਦਾ ਹੈ ਤਾਂ ਜੰਞ ਚੜ੍ਹਨ ਤੋਂ ਪਹਿਲਾਂ ਜਿੱਥੇ ਮਾਮਾ ਨਾਈ ਧੋਈ ਕਰਵਾਉਂਦਾ ਹੈ, ਤਾਈਆਂ ਚਾਚੀਆਂ ਘੋੜੀਆਂ ਗਾਉਂਦੀਆਂ ਹਨ, ਮਾਂ ਸ਼ਗਨ ਮਨਾਉਂਦੀ ਹੈ, ਪਿਓ ਪੈਸੇ ਵਾਰ ਕੇ ਸੁੱਟਦਾ ਹੈ, ਭੈਣਾਂ ਵੀਰੇ ਦੇ ਸਿਹਰਾ ਬੰਨ੍ਹਦੀਆਂ ਹਨ, ਉੱਥੇ ਹੀ ਭਾਬੀਆਂ ਤੋਂ ਸੁਰਮਾ ਪਾਉਣ ਦੀ ਰਸਮ ਕਰਵਾਈ ਜਾਂਦੀ ਹੈ ਤਾਂ ਜੋ ਲਾੜਾ ਹੋਰ ਸੁੰਦਰ ਦਿਸੇ। ਘਰ ਦੀਆਂ — ਵੱਡੀਆਂ ਨੂੰਹਾਂ ਨੂੰ ਵੀ ਆਪਣੀਆਂ 'ਧੀਆਂ ਬਰਾਬਰ ਸਮਝਦੇ ਹੋਏ ਇਹ ਮੁੱਖ ਰੀਤਾਂ ਉਨ੍ਹਾਂ ਤੋਂ ਨਿਭਾਈਆਂ ਜਾਣ ਲੱਗੀਆਂ।

ਭਰਜਾਈਆਂ ਦਿਓਰਾਂ ਨੂੰ ਨਿੱਕੇ ਮੋਟੇ ਕੰਮਾਂ 'ਚ ਹੱਥ ਵੰਡਾਉਣਾ ਆਖ ਦਿੰਦੀਆਂ ਜਿਨ੍ਹਾਂ ਦਾ ਬੋਲੀਆਂ' 'ਚ ਜ਼ਿਕਰ ਮਿਲਦਾ- ਮੇਰੀ ਬੱਕਰੀ ਚਾਰ ਲਿਆ ਦਿਓਰਾ, ਮੈਂ ਨਾ ਤੇਰਾ ਹੱਕ' ਰੱਖਦੀ'।ਭਾਬੀ ਵੱਲੋਂ ਵੀ ਖਿਆਲ ਰੱਖਿਆ ਜਾਂਦਾ "ਲੈ ਡਰੀਆ ਗੰਢੇ ਦੇ ਪੱਤ ਵਰਗਾ, ਰੋਟੀ ਲੈ ਕੇ ਦਿਓਰ ਦੀ ਚੱਲੀ । ਭਾਬੀਆਂ ਵੱਲੋਂ ਦਿਓਰ ਨੂੰ ਛੋਟੀ ਭੈਣ ਦਾ ਰਿਸ਼ਤਾ ਕਰਾਉਣ ਦਾ ਲਾਲਚ ਦੇਣਾ। ਅੱਜ-ਕੱਲ੍ਹ ਬੱਚਿਆਂ ਵੱਲੋਂ ਕੰਮਕਾਜੀ ਲੜਕੀਆਂ ਨਾਲ ਵਿਆਹ ਕਰਾਉਣ ਜਾਂ ਵਿਦੇਸ਼ਾਂ 'ਚ ਵੱਸਣ ਦੀ ਲਾਲਸਾ ਕਾਰਨ ਸੌਦੇਬਾਜ਼ੀ ਦੇ ਵਿਆਹਾਂ ਕਾਰਨ ਰਿਸ਼ਤਿਆਂ ਦੀ ਅਹਿਮੀਅਤ ਨੂੰ ਢਾਅ ਲੱਗ ਰਹੀ ਹੈ। ਅੱਜ ਭਾਬੀਆਂ ਦੇ ਦਿਓਰ ਪ੍ਰਤੀ ਪਿਆਰ ਦੀ ਗੱਲ ਤਾਂ ਦੂਰ, ਭਰਾ ਹੀ ਭਰਾ ਦੇ ਦੁਸ਼ਮਣ ਬਣ ਬੈਠੇ ਹਨ। ਲੋੜ ਹੈ ਚੰਗਾ ਚਰਿੱਤਰ ਘੜਦਿਆਂ ਰਿਸ਼ਤਿਆਂ ਦਾ ਨਿੱਘ ਵਧਾਉਣ ਦੀ।

# ਗਿੱਧੇ ਵਿੱਚ ਨਾਟਕੀ ਵਾਰਤਾਲਾਪ ਦੇ ਰੰਗ

ਪੰਜਾਬੀ ਲੋਕ ਨਾਚ ਗਿੱਧਾ ਅੱਜ ਸੰਸਾਰ ਭਰ ਵਿੱਚ ਆਪਣੀ ਪਛਾਣ ਬਣਾ ਚੁੱਕਾ ਹੈ। ਗਿੱਧੇ ਵਿੱਚ ਮੁਟਿਆਰਾਂ ਦੀਆਂ ਅੱਡੀਆਂ ਹੀ ਨਹੀਂ ਹਿੱਲਦੀਆਂ, ਉਨ੍ਹਾਂ ਦੀਆਂ ਬਾਹਵਾਂ ਹੀ ਨਹੀਂ ਘੁੰਮਦੀਆਂ। ਇਸ ਹਿਲਜੁੱਲ ਵਿੱਚ ਪੂਰੀ ਜ਼ਿੰਦਗੀ ਸਮਾਈ ਹੋਈ ਹੈ।

ਚੱਲਦੇ ਗਿੱਧੇ ਵਿੱਚ ਰੰਗ ਨੂੰ ਬਦਲਣ ਲਈ ਕੁਝ ਤਮਾਸ਼ੇ ਕੀਤੇ ਜਾਂਦੇ ਹਨ ਜਿਨ੍ਹਾਂ ਦਾ ਲਹਿਜ਼ਾ ਨਾਟਕੀ ਹੁੰਦਾ ਹੈ। ਇਸ ਵਿੱਚ ਨਾਟਕੀ ਮੋਨੋਲਾਗ (ਇਕੱਲੇ ਬੋਲਣਾ) ਅਤੇ ਡਾਇਲਾਗ (ਦੋ ਜਾਂ ਵੱਧ ਪਾਤਰਾਂ ਦਾ ਵਾਰਤਾਲਾਪ) ਹੁੰਦੇ ਹਨ, ਜਿਹੜੇ ਵਾਰਤਕ ਸਵਾਲ-ਜਵਾਬ ਦੇ ਰੂਪ ਵਿੱਚ ਵੀ ਹੋ ਸਕਦੇ ਹਨ, ਕਹਾਣੀ - ਦੱਸਣ ਦੇ ਅੰਦਾਜ਼ ਵਿੱਚ ਵੀ ਹੋ ਸਕਦੇ ਹਨ। ਕਦੀ-ਕਦੀ ਇਹ ਸੰਵਾਦ ਕਾਵਿ-ਮਈ ਵੀ ਹੁੰਦਾ ਹੈ। ਕੁਝ ਸਮੇਂ ਲਈ ਗਿੱਧਾ ਪੈਣਾ ਬੰਦ ਹੋ ਜਾਂਦਾ ਹੈ। ਸਾਰੇ ਉਸ ਪਾਤਰ ਦੀ ਗੱਲ ਨੂੰ ਸੁਣਦੇ ਹਨ। ਇਸ ਮੋਨੋਲਾਗ ਜਾਂ ਡਾਇਲਾਗ ਵਿੱਚ ਪਹਿਲਾਂ ਕਥਾ ਅੱਗੇ ਵੱਧਦੀ ਹੈ। ਸਿਖ਼ਰ 'ਤੇ ਪੁੱਜਦੀ ਹੈ ਅਤੇ ਅਖ਼ੀਰ ਤੇ ਕੋਈ ਬੋਲੀ ਚੁੱਕ ਲਈ ਜਾਂਦੀ ਹੈ ਜੋ ਸਾਰੀਆਂ ਖ਼ੂਬ ਮਿਲ ਕੇ ਬੋਲਦੀਆਂ ਹਨ ਅਤੇ ਖੂਬ ਨੱਚਦੀਆਂ ਹਨ। ਗਿੱਧੇ ਵਿੱਚ ਇੱਕ ਕੁੜੀ ਹੱਥ ਸੋਟੀ ਫੜ ਕੇ ਸਿਰ 'ਤੇ ਚੁੰਨੀ ਦਾ ਮੜਾਸਾ ਮਾਰ ਕੇ ਗੁਲਜ਼ਾਰੀ ਬਣਦੀ ਹੈ, ਦੂਜੀ ਬੋਲੀ ਪਾਉਂਦੀ ਹੈ

*'ਮੋੜੀਂ ਮੋੜੀ ਵੇ ਗੁਲਜ਼ਾਰੀ ਭੇਡਾਂ ਦੂਰ ਗਈਆਂ।*

ਗੁਲਜ਼ਾਰੀ ਬਣੀ ਕੁੜੀ ਰੁੱਸ ਜਾਂਦੀ ਹੈ ਅਤੇ ਕਹਿੰਦੀ ਹੈ

'ਮੈਂ ਨਹੀਂ ਮੋੜਦਾ ਮੇਰਾ ਵਿਆਹ ਨਹੀਂ ਕਰਦੇ, ਬਹਿਸ ਹੁੰਦੀ ਹੈ। ਲਾਰਾ ਲਾਉਂਦੀ ਹੈ ਕਿ ਵਿਚੋਲਣ ਨੂੰ ਭੇਜਦੇ ਹਾਂ ਸਾਕ ਲੱਭਣ ਗੁਲਜ਼ਾਰੀ ਖ਼ੁਸ਼ ਹੋ ਜਾਂਦਾ ਹੈ 'ਮੋੜੀਂ ਮੋੜੀ ਵੇ ਗੁਲਜ਼ਾਰੀ ਭੇਡਾਂ ਦੂਰ ਗਈਆਂ। ਫੇਰ ਰੁੱਸ ਜਾਂਦਾ' ਲਾਰਾ ਲਾਇਆ ਜਾਂਦਾ, ਵੇ ਅੱਜ ਤੈਨੂੰ ਵੇਖਣ ਵਾਲਿਆਂ ਨੇ ਆਉਣਾ। ਗੁਲਜ਼ਾਰੀ ਖ਼ੁਸ਼ ਹੋ ਜਾਂਦਾ- ਮੋੜੀ ਮੋੜੀ ਵੇ ਗੁਲਜ਼ਾਰੀ ਭੇਡਾਂ ਦੂਰ ਗਈਆਂ। ਫੇਰ ਰੁੱਸ ਜਾਂਦਾ ਹੈ। ਫਿਰ ਕਿਹਾ ਜਾਂਦਾ-ਵੇ ਕੱਲ੍ਹ ਨੂੰ ਤੇਰਾ ਸ਼ਗਨ ਪੈਣਾ ਅਤੇ ਫਿਰ ਗੁਲਜ਼ਾਰੀ ਖ਼ੁਸ਼ ਹੋ ਜਾਂਦਾ ਹੈ। ਮੋੜੀ ਮੋੜੀ ਵੇ ਗੁਲਜ਼ਾਰੀ ਭੇਡਾਂ ਦੂਰ ਗਈਆਂ

ਫਿਰ ਇਸ ਤਰ੍ਹਾਂ ਵਿਆਹ ਬੰਨਣਾ ਤੋਂ ਲੈ ਕੇ ਸਾਰੇ ਸ਼ਗਨ ਵਿਹਾਰ ਗਿਣੇ ਜਾਂਦੇ ਹਨ। ਬਰਾਤ ਚੜ੍ਹਨਾ ਵਗੈਰਾ। ਗੁਲਜ਼ਾਰੀ ਵਾਰ-ਵਾਰ ਰੁੱਸ ਕੇ ਭੇਡਾਂ ਮੋੜਨ ਤੋਂ ਇਨਕਾਰ ਕਰਦਾ ਹੈ। ਹਰ ਵਾਰ ਬੋਲੀ ਪੈਂਦੀ ਹੈ - 'ਮੋੜੀ। ਮੋੜੀ ਵੇ ਗੁਲਜ਼ਾਰੀ ਭੇਡਾਂ ਦੂਰ ਗਈਆਂ।' ਜਦੋਂ ਵਿਆਹ ਹੋ ਜਾਂਦਾ ਹੈ ਤਾਂ ਗੁਲਜ਼ਾਰੀ ਕਹਿੰਦਾ, ਮੇਰੀ ਬਹੂ ਕਿੱਥੇ ਹੈ। ਨਾਲ ਦੀ ਕੁੜੀ ਕਹਿੰਦੀ ਹੈ ਆਪੇ ਲੱਭ ਲੈ। ਗੁਲਜ਼ਾਰੀ ਬਣੀ ਕੁੜੀ ਗਿੱਧੇ ਵਿੱਚੋਂ ਕਿਸੇ ਕੁੜੀ ਦੀ ਬਾਂਹ ਫੜ ਕੇ ਪਿੜ ਵਿੱਚ ਖਿੱਚ ਲੈਂਦੀ ਹੈ ਅਤੇ ਕਹਿੰਦੀ ਹੈ-

ਮੇਰੀ ਤਾਂ ਆਹ ਬਹੂ ਹੈ। ਉਹ ਉਸ ਕੁੜੀ ਨੂੰ ਖਿੱਚਦੀ ਹੈ ਜਿਸ ਦਾ ਵਿਆਹ ਹੋਣ ਵਾਲਾ ਹੋਵੇ-'ਮੋੜੀ ਮੋੜੀ ਵੇ ਗੁਲਜ਼ਾਰੀ ਭੇਡਾਂ ਦੂਰ ਗਈਆਂ।' ਹੁਣ ਸਾਰੀਆਂ ਮਿਲ ਕੇ ਨੱਚਦੀਆਂ ਹਨ। ਇਸ ਤਰ੍ਹਾਂ ਤਮਾਸ਼ਾ ਮੁਕੰਮਲ ਹੁੰਦਾ ਹੈ। ਇਹ ਤਮਾਸ਼ਾ ਦੋ ਲੜਕੀਆਂ ਕਰਦੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਆਪਣੇ ਸਿਰ 'ਤੇ ਚੁੰਨੀ ਨੂੰ ਹੀ ਪੱਗ ਵਾਂਗ ਬੰਨ੍ਹਦੀ ਹੈ ਅਤੇ ਮਰਦ ਦਾ ਰੋਲ ਕਰਦੀ ਹੈ। ਸਾਥਣ ਕੁੜੀ ਉਸਦੀ ਪ੍ਰੇਮਿਕਾ ਬਣ ਜਾਂਦੀ ਹੈ। ਪਿੜ ਵਿੱਚ ਫੈਲੀ ਚੁੱਪ ਨੂੰ ਤੋੜਦਿਆਂ ਪ੍ਰੇਮਿਕਾ ਬਣੀ ਕੁੜੀ ਬੋਲਦੀ ਹੈ- ਹੁੱਲੇ ਹੁਲਾਰੇ ਅਸੀਂ ਮੇਲੇ-ਚਲੇ, । ਢੋਲਾ ਵੇ ਢੋਲਾ, ਹਾਏ ਢੋਲਾ, ਆਜਾ ਦੋਵੇਂ ਨੱਚੀਏ ਹਾਏ ਢੋਲਾ, ਬਾਜ਼ਾਰ ਵਿਕੇਂਦੀ ਖੰਡ ਵੇ । ਤੂੰ ਮਿਸ਼ਰੀ ਤੇ ਮੈਂ ਗੁਲਕੰਦ ਵੇ ਦੋਵੇਂ ਚੀਜ਼ ਮਿੱਠੀਆਂ । ਹਾਏ ਢੋਲਾ, ਬਾਜ਼ਾਰ ਵਿਕੇਂਦੀ ਤਰ ਵੇ ਮੇਰਾ ਸਾਹਮਣੀ ਗਲੀ ਵਿੱਚ ਘਰ ਵੇ,



ਪਿੱਪਲ ਨਿਸ਼ਾਨੀ ਆ ਹਾਏ ਢੋਲਾ ਆਜਾ ਦੋਵੇਂ ਮਿਲੀਏ ਹਾਏ ਢੋਲਾ ਦੁੱਖ ਸੁੱਖ ਫੋਲੀਏ ਹਾਏ ਢੋਲਾ।' ਸਭ ਮਿਲ ਕੇ ਨੱਚਦੀਆਂ ਹਨ। ਇਹ ਜਵਾਨ ਮੁਟਿਆਰਾਂ ਦੀ ਛੁਪੀ ਹੋਈ

ਮੁਹੱਬਤ ਨੂੰ ਪ੍ਰਗਟ ਕਰਨ ਦਾ ਇੱਕ ਤਰੀਕਾ ਹੈ। ਇੱਕ ਮੋਨੋਲਾਗ ਹੈ ਜਿਸ ਵਿੱਚ ਇੱਕ ਕੁੜੀ ਇੱਕ ਨੂੰਹ ਦਾ ਰੋਲ ਕਰਦੀ ਹੋਈ ਆਪਣੀ ਕਹਾਣੀ ਸੁਣਾਉਂਦੀ ਹੈ । ਉਹ ਹਰ ਵਾਰੀ ਹੁੱਲੇ ਹੁਲਾਰੇ ਕਹਿੰਦੀ ਹੈ। ਗਿੱਧਾ ਬਹੁਤ ਮੱਧਮ ਅਤੇ ਟਿਕਵੀਂ ਇੱਕਸਾਰ ਲੈਅ ਵਿੱਚ ਚੱਲਦਾ ਹੈ ਅਤੇ ਕੁੜੀ ਬੋਲਦੀ ਰਹਿੰਦੀ ਹੈ

ਹੁੱਲੇ-ਹੁਲਾਰੇ । ਲੋਕੀਂ ਗੰਗਾ ਚੱਲੇ। ਸੱਸ ਸਹੁਰਾ ਚੱਲੇ। ਜੇਠ ਜਠਾਣੀ ਚੱਲੇ। ਦਿਓਰ ਦਰਾਣੀ ਚੱਲੇ । ਕੰਤ ਤੇ ਸੌਂਕਣ ਚੱਲੇ । ਮੈਂ ਵੀ ਮਗਰੇ ਤੁਰ ਪਈ । ਮੈਂ ਵੀ ਗੰਗਾ ਪਹੁੰਚੀ । ਸੱਸ ਸਹੁਰਾ ਨਾਵਣ । ਜੇਠ ਜਠਾਣੀ ਨਾਵਣ। ਦਿਓਰ ਦਰਾਣੀ ਨਾਵਣ। ਕੰਤ ਤੇ ਸੌਂਕਣ ਨਾਵਣ। ਸੌਂਕਣ ਗੁੱਤੋਂ ਫੜ ਲਈ । ਪਹਿਲਾ ਗੋਤਾ ਦਿੱਤਾ । ਦੂਜਾ ਗੋਤਾ ਦਿੱਤਾ । ਤੀਜਾ ਗੋਤਾ ਦਿੱਤਾ । ' ਸੌਂਕਣ ਡੋਬ ਦਿੱਤੀ । ਮੈਨੂੰ ਦਿਓ ਵਧਾਈਆਂ !! ਮੈਂ ਸੌਂਕਣ ਡੋਬ ਆਈ ਆਂ !!

ਕਦੇ-ਕਦੇ ਇਸ ਵਿੱਚ ਹੁੱਲੇ ਹੁਲਾਰੇ ਸ਼ਬਦ ਕੋਈ ਦੂਸਰੀ ਕੁੜੀ ਬੋਲੀ ਹੈ ਅਤੇ ਪਹਿਲੀ ਆਪਣੀ ਕਹਾਣੀ ਅੱਗੇ ਤੋਰਦੀ ਰਹਿੰਦੀ ਹੈ। ਆਖ਼ਰੀ ਬੋਲਾਂ 'ਤੇ ਗਿੱਧਾ ਪੂਰਾ ਜ਼ੋਰ ਫੜਦਾ ਹੈ ਅਤੇ ਕੁੜੀਆਂ ਨੱਚਦੀਆਂ ਹਨ। ਇਹ ਪਿੰਡਾਂ ਵਿੱਚ ਪੁਰਾਣੇ ਵੇਲੇ ਬਹੁ-ਵਿਆਹ 'ਚੋਂ ਉਪਜੇ ਦੁੱਖ ਦਾ ਗੁੱਸੇ ਭਰਿਆ ਪ੍ਰਗਟਾਵਾ ਹੈ ਇੱਕ ਹੋਰ ਤਮਾਸ਼ੇ ਵਿੱਚ ਪਤੀ ਦੇ ਨਿਕੰਮੇ ਹੋਣ 'ਤੇ, ਭਰਪੂਰ ਪਿਆਰ ਨਾ ਕਰਦਾ ਹੋਣ 'ਤੇ ਉਸ ਨੂੰ ਮੰਡੀ ਵਿੱਚ ਵੇਚਣ ਦੀ ਗੱਲ ਕਰਦੀ ਹੈ

ਮੇਰੇ ਘਰ ਵਾਲਾ ਵਿਕਦਾ, ਨੀ ਕੋਈ ਲੈ ਲਓ

ਇੱਕ ਹੋਰ ਤਮਾਸ਼ੇ ਵਿੱਚ ਪਰਿਵਾਰਕ ਰਿਸ਼ਤਿਆਂ ਦੇ ਮਰਦਾਂ ਨੂੰ ਕਿਸੇ ਹੋਰ ਔਰਤ ਵੱਲ ਪ੍ਰਭਾਵਿਤ ਨਾ ਹੋਣ ਦੇਣ ਨੂੰ ਵਧੀਆ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਏ। ਹਲਕਾ ਹਲਕਾ ਤਾੜੀ ਰੂਪ ਗਿੱਧਾ ਟਿਕਵਾਂ ਚੱਲਦਾ ਹੈ- ਨੀ ਏਥੇ ਐਨੀ ਕੁ ਪਿੱਪਲੀ.. ਸ਼ਾਵਾ ਜੀ

ਬੱਲੇ ਕੰਜਰੀ ਦਾ ਡੇਰਾ ਸ਼ਾਵਾ ਜੀ ਇੱਕ ਹੋਰ ਤਮਾਸ਼ੇ 'ਚ ਇੱਕ ਕੁੜੀ ਆਪਣੇ ਪਤੀ ਤੋਂ ਖਾਧੀ ਕੁੱਟ ਦਾ ਜ਼ਿਕਰ ਕਰਦੀ ਏ ਪਰ ਨਾਲ ਇਹ ਵੀ ਦੱਸਦੀ ਏ ਕਿ ਉਸ ਨੇ ਕਿਹੜੇ ਕਿਹੜੇ ਮੂਰਖਤਾ ਵਾਲੇ ਕੰਮ ਕੀਤੇ। ਮਕਸਦ ਹਾਸਾ ਪੈਦਾ ਕਰਨਾ ਹੈ।

'ਨੀ ਭੈਣੇ, ਭਾਈ ਇੱਕ ਦਿਨ ਮੇਰੇ ਘਰ ਵਾਲਾ ਕਹਿੰਦਾ, ਬਤਾਊਆਂ ਦੀ ਸਬਜ਼ੀ ਬਣਾ ਲਈ। ਸਬਜ਼ੀ ਭਾਈ ਲਿਆ ਕੇ ਨਾ ਦਿੱਤੀ । ਮੈਂ ਚਾਰ ਪੰਜ ਚੂਹੇ ਫੜ ਕੇ ਤੜਕਾ ਲਾ ਦਿੱਤਾ ।' 'ਨੀ ਫੇਰ ਕੀ ਹੋਇਆ'? ਫੇਰ ? 'ਮੈਨੂੰ ਬੜਾ ਕੁੱਟਿਆ ਤੇ ਮੈਂ ਬੜਾ ਰੋਈ।' ਨੀ ਰਾਤੀ ਦੋਂਗੜ ਦੋਂਗੜ ਹੋਈ।' ਇਦਾਂ ਤਮਾਸ਼ਿਆਂ ਨਾਲ ਗਿੱਧੇ 'ਚ ਨਵੀਂ ਰੂਹ ਫੂਕੀ ਜਾਂਦੀ ਹੈ ਅਤੇ ਵੇਖਣ ਵਾਲਿਆਂ ਦੀ ਦਿਲਚਸਪੀ ਡੂੰਘੀ ਹੁੰਦੀ ਹੈ।

— ਜਸਵਿੰਦਰ ਸਿੰਘ ਰੁਪਾਲ

# ਭਾਰਤੀ ਕ੍ਰਿਕਟ ਟੀਮ ਦੀ ਤਾਜ਼ਾ ਜਿੱਤ ਦੇ ਆਲਮੀ ਮਾਇਨੇ

■ ਸੁਦੀਪ ਸਿੰਘ ਢਿੱਲੋਂ

ਭਾਰਤ ਅਤੇ ਇੰਗਲੈਂਡ ਦਰਮਿਆਨ ਚੱਲ ਰਹੀ ਟੈਸਟ ਮੈਚਾਂ ਦੀ ਲੜੀ ਵਿੱਚ ਭਾਰਤ ਨੇ ਇੱਕ ਵੱਡੀ ਜਿੱਤ ਦਰਜ ਕੀਤੀ ਹੈ। ਇਸ ਲੜੀ ਦੇ ਮੁਕੰਮਲ ਹੋਣ ਦੇ ਨਾਲ ਹੀ ਭਾਰਤ ਦੇ ਇਸ ਵਾਰ ਦੇ ਘਰੇਲੂ ਕੌਮਾਂਤਰੀ ਕ੍ਰਿਕਟ ਸੀਜ਼ਨ ਦੇ ਮੁਕਾਬਲੇ ਵੀ ਮੁਕੰਮਲ ਹੋ ਗਏ ਹਨ। ਰਵੀਚੰਦਰਨ ਅਸ਼ਵਿਨ ਦੀ ਸ਼ਾਨਦਾਰ ਗੇਂਦਬਾਜ਼ੀ ਦੀ ਮਦਦ ਨਾਲ ਭਾਰਤ ਨੇ ਧਰਮਸ਼ਾਲਾ ਵਿਖੇ ਹੋਏ ਇਸ ਲੜੀ ਦੇ ਪੰਜਵੇਂ ਤੇ ਆਖਰੀ ਟੈਸਟ ਮੈਚ ਦੇ ਤੀਸਰੇ ਦਿਨ ਇੰਗਲੈਂਡ ਨੂੰ ਇੱਕ ਪਾਰੀ ਅਤੇ 64 ਦੌੜਾਂ ਦੇ ਵੱਡੇ ਫਰਕ ਨਾਲ ਹਰਾ ਦਿੱਤਾ। ਇਸ ਜਿੱਤ ਨਾਲ ਮੇਜ਼ਬਾਨ ਟੀਮ ਨੇ ਪੰਜ ਮੈਚਾਂ ਦੀ ਲੜੀ 4-1 ਨਾਲ ਆਪਣੇ ਨਾਂਅ ਕੀਤੀ। ਆਪਣਾ 100ਵਾਂ ਟੈਸਟ ਮੈਚ ਖੇਡਦੇ ਹੋਏ ਅਸ਼ਵਿਨ ਨੇ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਨੌਂ ਵਿਕਟਾਂ ਹਾਸਲ ਕੀਤੀਆਂ। ਉਸ ਨੇ ਦੂਜੀ ਪਾਰੀ ਵਿੱਚ ਪੰਜ ਵਿਕਟਾਂ ਲਈਆਂ, ਜਦੋਂਕਿ ਪਹਿਲੀ ਪਾਰੀ ਵਿੱਚ ਚਾਰ ਵਿਕਟਾਂ ਝਟਕਾਈਆਂ ਸਨ। ਇੰਗਲੈਂਡ ਦੀ ਟੀਮ ਪਹਿਲੀ ਪਾਰੀ 'ਚ 259 ਦੌੜਾਂ ਪੱਛੜ ਜਾਂ ਮਗਰੋਂ ਦੂਜੀ ਪਾਰੀ 'ਚ ਤੀਸਰੇ ਦਿਨ 195 ਦੌੜਾਂ ਹੀ ਬਣਾ ਸਕੀ। ਉਸ ਦੇ ਜ਼ਿਆਦਾਤਰ ਬੱਲੇਬਾਜ਼ਾਂ ਨੇ ਖ਼ਰਾਬ ਸ਼ਾਟ ਖੇਡੇ ਅਤੇ ਇੱਕ ਤੋਂ ਬਾਅਦ ਇੱਕ ਆਊਟ ਹੁੰਦੇ ਗਏ। ਭਾਰਤ ਦੀ ਟੀਮ ਲਈ ਇਹ ਜਿੱਤ ਇਸ ਲਈ ਵੀ ਅਹਿਮ ਸਾਬਤ ਹੋਈ ਕਿਉਂਕਿ ਉਸ ਨੇ ਵਿਰਾਟ ਕੋਹਲੀ ਅਤੇ ਮੁਹੰਮਦ ਸ਼ਮੀ ਵਰਗੇ ਸੀਨੀਅਰ ਖਿਡਾਰੀਆਂ ਦੀ ਗ਼ੈਰ-ਮੌਜੂਦਗੀ ਵਿੱਚ ਇਹ ਲੜੀ ਖੇਡੀ ਅਤੇ ਵੱਡੇ ਫਰਕ ਨਾਲ ਜਿੱਤੀ। ਇਸ ਤਰ੍ਹਾਂ ਯਸ਼ਸਵੀ ਜੈਸਵਾਲ ਵਰਗੇ ਨੌਜਵਾਨ ਖਿਡਾਰੀਆਂ ਨੇ ਮਿਲੇ ਮੌਕੇ ਦਾ ਪੂਰਾ ਫ਼ਾਇਦਾ ਉਠਾਇਆ। ਰੋਹਿਤ ਸ਼ਰਮਾ (103 ਦੌੜਾਂ) ਅਤੇ ਸ਼ੁਭਮਨ ਗਿੱਲ (110 ਦੌੜਾਂ) ਨੇ ਸ਼ਾਨਦਾਰ ਸੈਂਕੜੇ ਜੜੇ ਜਦਕਿ ਪਹਿਲੀ ਵਾਰ ਖੇਡ ਰਹੇ ਦੇਵਦੱਤ



ਪੱਡੀਕਲ (65 ਦੌੜਾਂ), ਜੈਸਵਾਲ (67 ਦੌੜਾਂ) ਅਤੇ ਸਰਫ਼ਰਾਜ਼ ਖਾਨ (56) ਨੇ ਮਹੱਤਵਪੂਰਨ ਨੀਮ ਸੈਂਕੜੇ ਵਾਲੀਆਂ ਪਾਰੀਆਂ ਖੇਡੀਆਂ। ਕੁਲਦੀਪ ਯਾਦਵ ਨੂੰ ਪੰਜਵੇਂ ਟੈਸਟ ਮੈਚ ਦਾ 'ਪਲੇਅਰ ਆਫ਼ ਦਾ ਮੈਚ' ਜਦਕਿ ਯਸ਼ਸਵੀ ਜੈਸਵਾਲ ਨੂੰ ਇਸ ਟੈਸਟ ਲੜੀ ਦਾ 'ਪਲੇਅਰ ਆਫ਼ ਦਾ ਸੀਰੀਜ਼' ਐਲਾਨਿਆ ਗਿਆ। ਇਸ ਜਿੱਤ ਤੋਂ ਬਾਅਦ ਹੁਣ ਭਾਰਤੀ ਕ੍ਰਿਕਟ ਟੀਮ ਦੇ ਖਿਡਾਰੀ ਆਪੋ ਆਪਣੀ ਆਈਪੀਐੱਲ ਟੀਮ ਲਈ ਖੇਡਦੇ ਨਜ਼ਰ ਆਉਣਗੇ ਜਦਕਿ ਉਸ ਤੋਂ ਬਾਅਦ ਜੂਨ ਮਹੀਨੇ ਹੋਣ ਵਾਲੇ ਟੀ-20 ਵਿਸ਼ਵ ਕੱਪ ਦੀ ਤਿਆਰੀ ਕਰਨਗੇ।

ਇੰਗਲੈਂਡ ਦੇ ਖਿਲਾਫ ਟੈਸਟ ਲੜੀ ਇੱਕ ਹੋਰ ਵੱਡੀ ਜਿੱਤ ਦੇ ਨਾਲ ਮੁਕੰਮਲ ਕਰਨ ਦਾ ਭਾਰਤੀ ਕ੍ਰਿਕਟ ਟੀਮ ਨੂੰ ਟੈਸਟ ਦਰਜਾਬੰਦੀ ਵਿੱਚ ਹੋਰ ਫਾਇਦਾ ਹੋਇਆ ਹੈ। ਭਾਰਤ ਨੇ ਧਰਮਸ਼ਾਲਾ ਵਿੱਚ ਇੰਗਲੈਂਡ ਨੂੰ ਕਰਾਰੀ ਹਾਰ ਦਿੰਦਿਆਂ ਪੰਜ ਮੈਚਾਂ ਦੀ ਲੜੀ 4-1 ਨਾਲ ਜਿੱਤ ਕੇ ਕੌਮਾਂਤਰੀ ਕ੍ਰਿਕਟ ਪਰਿਸ਼ਦ (ਆਈਸੀਸੀ) ਦੀ ਤਾਜ਼ਾ ਟੈਸਟ ਦਰਜਾਬੰਦੀ ਵਿੱਚ ਨੰਬਰ ਇੱਕ ਸਥਾਨ ਪੱਕਾ ਕਰ ਲਿਆ ਹੈ। ਭਾਰਤ ਨੇ ਆਸਟਰੇਲੀਆ ਦੀ ਥਾਂ ਸਿਖਰਲਾ ਸਥਾਨ ਹਾਸਲ ਕੀਤਾ। ਇਸ ਤਰ੍ਹਾਂ ਭਾਰਤੀ ਟੀਮ ਹੁਣ ਕ੍ਰਿਕਟ ਦੀ ਖੇਡ ਦੀਆਂ ਸਾਰੀਆਂ ਵੰਨਗੀਆਂ ਭਾਵ ਟੈਸਟ ਮੈਚਾਂ, ਇੱਕ ਰੋਜ਼ਾ ਅਤੇ ਟੀ-20 ਮੁਕਾਬਲਿਆਂ ਵਿੱਚ ਆਈਸੀਸੀ ਦਰਜਾਬੰਦੀ ਵਿੱਚ ਸਿਖਰ 'ਤੇ ਕਾਬਜ਼ ਹੋ ਗਈ ਹੈ। ਭਾਰਤ ਦੀ ਜਿੱਤ ਦਾ ਮਤਲਬ ਇਹ ਵੀ ਨਿੱਕਲਿਆ ਕਿ ਠੀਕ ਉਸੇ ਸਮੇਂ ਨਿਊਜ਼ੀਲੈਂਡ ਅਤੇ ਆਸਟਰੇਲੀਆ ਦਰਮਿਆਨ ਕ੍ਰਾਈਸਟਚਰਚ 'ਚ ਚੱਲ ਰਹੇ ਦੂਜੇ ਟੈਸਟ ਮੈਚ ਦਾ ਨਤੀਜਾ ਭਾਰਤ ਦੀ ਦਰਜਾਬੰਦੀ ਨੂੰ ਪ੍ਰਭਾਵਿਤ ਨਹੀਂ ਕੀਤਾ। ਵਿਸ਼ਵ ਟੈਸਟ ਚੈਂਪੀਅਨਸ਼ਿਪ ਦੇ ਮੌਜੂਦਾ ਜੇਤੂ ਆਸਟਰੇਲੀਆ ਨੇ ਨਿਊਜ਼ੀਲੈਂਡ ਖਿਲਾਫ਼ ਦੂਜਾ ਟੈਸਟ ਤਿੰਨ ਵਿਕਟਾਂ ਦੇ ਫਰਕ ਨਾਲ ਜਿੱਤਦੇ ਹੋਏ 2 ਟੈਸਟ ਮੈਚਾਂ ਦੀ ਇਹ ਲੜੀ 2-0 ਨਾਲ ਜਿੱਤੀ ਪਰ ਭਾਰਤ ਦੀ ਲੜੀ ਵਿੱਚ ਵੱਡੀ ਜਿੱਤ ਸਦਕਾ ਭਾਰਤੀ ਟੀਮ ਨੰਬਰ ਇੱਕ ਉੱਤੇ ਕਾਇਮ ਰਹੀ। ਭਾਰਤ ਦੇ ਟੈਸਟ ਦਰਜਾਬੰਦੀ ਵਿੱਚ ਹੁਣ 122 ਰੇਟਿੰਗ ਅੰਕ ਹੋ ਗਏ ਹਨ, ਜੋ ਆਸਟਰੇਲੀਆ ਤੋਂ ਪੰਜ ਅੰਕ ਵੱਧ ਹਨ। ਇੰਗਲੈਂਡ ਦੀ ਟੀਮ 111 ਰੇਟਿੰਗ ਅੰਕ ਨਾਲ ਤੀਜੇ ਸਥਾਨ 'ਤੇ ਹੈ। ਇੱਕ ਰੋਜ਼ਾ ਮੈਚਾਂ ਵਿੱਚ ਭਾਰਤ ਦੇ 121 ਰੇਟਿੰਗ ਅੰਕ ਨੇ, ਜਦਕਿ ਆਸਟਰੇਲੀਆ 118 ਰੇਟਿੰਗ ਅੰਕ ਨਾਲ ਦੂਜੇ ਸਥਾਨ 'ਤੇ ਹੈ। ਟੀ20 ਕੌਮਾਂਤਰੀ ਵਿੱਚ ਭਾਰਤ ਦੇ 266 ਅੰਕ ਹਨ। ਇੰਗਲੈਂਡ ਇਸ ਵੰਨਗੀ ਵਿੱਚ 256 ਅੰਕਾਂ ਨਾਲ ਦੂਜੇ ਸਥਾਨ 'ਤੇ ਹੈ। ਭਾਰਤ ਪਿਛਲੇ ਸਾਲ ਸਤੰਬਰ, 2023 ਤੋਂ ਜਨਵਰੀ, 2024 ਦਰਮਿਆਨ ਟੈਸਟ ਦਰਜਾਬੰਦੀ ਵਿੱਚ ਸਿਖਰ 'ਤੇ ਰਿਹਾ ਸੀ। ਦੱਖਣੀ ਅਫ਼ਰੀਕਾ ਖ਼ਿਲਾਫ਼ ਲੜੀ ਬਰਾਬਰੀ 'ਤੇ ਰਹਿਣ ਮਗਰੋਂ ਭਾਰਤ ਦੂਜੇ ਨੰਬਰ 'ਤੇ ਖਿਸਕ ਗਿਆ ਸੀ। ਇੰਗਲੈਂਡ ਖ਼ਿਲਾਫ਼ ਪੰਜ ਟੈਸਟ ਮੈਚ ਦੀ ਲੜੀ ਵਿੱਚ ਭਾਰਤ ਹੈਦਰਾਬਾਦ 'ਚ ਖੇਡੇ ਗਏ ਪਹਿਲੇ ਟੈਸਟ ਮੈਚ 'ਚ 28 ਦੌੜਾਂ ਨਾਲ ਹਾਰ ਗਿਆ ਸੀ ਪਰ ਇਸ ਮਗਰੋਂ ਉਸ ਨੇ ਅਗਲੇ ਚਾਰ ਟੈਸਟ ਮੈਚ ਜਿੱਤ ਕੇ ਸ਼ਾਨਦਾਰ ਵਾਪਸੀ ਕਰਦਿਆਂ ਆਈਸੀਸੀ ਟੈਸਟ ਦਰਜਾਬੰਦੀ ਵਿੱਚ ਮੁੜ ਤੋਂ ਸਿਖਰਲਾ ਸਥਾਨ ਹਾਸਲ ਕੀਤਾ।

ਪਿਛਲੇ ਕੁੱਝ ਸਮੇਂ ਤੋਂ ਤੇਜ਼ ਤਰਾਰ ਕ੍ਰਿਕਟ ਖੇਡ ਰਹੀ ਇੰਗਲੈਂਡ ਦੀ ਕ੍ਰਿਕਟ ਟੀਮ ਲਈ ਭਾਰਤ ਦਾ ਇਹ ਦੌਰਾ ਅਤੇ ਸਮੁੱਚੀ ਟੈਸਟ ਲੜੀ ਨਿਰਾਸ਼ਾ ਵਾਲੀ ਸਾਬਤ ਹੋਈ ਜਿਸ ਵਿੱਚ ਪਹਿਲੇ ਮੈਚ ਦੀ ਜਿੱਤ ਤੋਂ ਬਾਅਦ ਇੰਗਲੈਂਡ ਦੀ ਟੀਮ ਬਾਕੀ ਸਾਰੇ ਮੈਚ ਵੱਡੇ ਫਰਕ ਨਾਲ ਹਾਰੀ। ਇਸ ਦਰਮਿਆਨ ਇੰਗਲੈਂਡ ਦੀ ਕ੍ਰਿਕਟ ਟੀਮ ਲਈ ਇੱਕੋ ਇੱਕ ਪ੍ਰਾਪਤੀ ਵਾਲੀ ਗੱਲ ਇਹ ਨਜ਼ਰ ਆਈ ਕਿ ਉਸ ਦੇ ਤਜਰਬੇਕਾਰ ਤੇਜ਼ ਗੇਂਦਬਾਜ਼ ਜੇਮੀ ਐਂਡਰਸਨ ਨੇ ਇੱਕ ਵੱਡਾ ਰਿਕਾਰਡ ਬਣਾਇਆ। ਜੇਮੀ ਐਂਡਰਸਨ ਟੈਸਟ ਕ੍ਰਿਕਟ ਵਿੱਚ 700 ਵਿਕਟਾਂ ਲੈਣ ਵਾਲੇ ਪਹਿਲੇ ਤੇਜ਼ ਗੇਂਦਬਾਜ਼ ਅਤੇ ਕੁੱਲ ਮਿਲਾ ਕੇ ਤੀਜੇ ਗੇਂਦਬਾਜ਼ ਬਣ ਗਏ ਹਨ। ਆਪਣਾ 187ਵਾਂ ਟੈਸਟ ਮੈਚ ਖੇਡ ਰਹੇ 41 ਸਾਲਾ ਐਂਡਰਸਨ ਨੇ ਧਰਮਸ਼ਾਲਾ ਵਿੱਚ ਭਾਰਤ ਖ਼ਿਲਾਫ਼ ਪੰਜਵੇਂ ਅਤੇ ਆਖਰੀ ਟੈਸਟ ਮੈਚ ਦੇ ਤੀਜੇ ਦਿਨ ਕੁਲਦੀਪ ਯਾਦਵ ਨੂੰ ਵਿਕਟ ਦੇ ਪਿੱਛੇ ਕੈਚ ਕਰਵਾ ਕੇ ਆਪਣੀ 700ਵੀਂ ਵਿਕਟ ਹਾਸਲ ਕੀਤੀ। ਟੈਸਟ ਕ੍ਰਿਕਟ ਵਿੱਚ 600 ਤੋਂ ਵੱਧ ਵਿਕਟਾਂ ਲੈਣ ਵਾਲੇ ਗੇਂਦਬਾਜ਼ਾਂ ਵਿੱਚ ਸਿਰਫ਼ ਦੋ ਤੇਜ਼ ਗੇਂਦਬਾਜ਼ ਸ਼ਾਮਲ ਹਨ। ਐਂਡਰਸਨ ਤੋਂ ਬਾਅਦ ਇਸ ਸੂਚੀ 'ਚ ਉਨ੍ਹਾਂ ਦੇ ਸਾਥੀ ਸਟੂਅਰਟ ਬ੍ਰਾਡ ਦਾ ਨਾਂਅ ਸ਼ਾਮਲ ਹੈ। ਪਿਛਲੇ ਸਾਲ ਸੰਨਿਆਸ ਲੈਣ ਵਾਲੇ ਬ੍ਰਾਡ ਦੇ ਨਾਂ 604 ਵਿਕਟਾਂ ਹਨ। ਸਾਰੇ ਗੇਂਦਬਾਜ਼ਾਂ 'ਚ ਸ੍ਰੀਲੰਕਾ ਦੇ ਮਹਾਨ ਸਪਿੰਨਰ ਮੁਥੱਈਆ ਮੁਰਲੀਧਰਨ 800 ਵਿਕਟਾਂ ਲੈ ਕੇ ਸਿਖਰ 'ਤੇ ਹੈ। ਉਸ ਤੋਂ ਬਾਅਦ ਆਸਟਰੇਲੀਆ ਦੇ ਮਰਹੂਮ ਸ਼ੇਨ ਵਾਰਨ (708 ਵਿਕਟਾਂ) ਦਾ ਨੰਬਰ ਆਉਂਦਾ ਹੈ। ਭਾਰਤ ਦੇ ਸਾਬਕਾ ਕੋਚ ਅਨਿਲ ਕੁੰਬਲੇ ਇਸ ਸੂਚੀ 'ਚ ਚੌਥੇ ਸਥਾਨ 'ਤੇ ਨੇ। ਕੁੰਬਲੇ ਦੇ ਨਾਂਅ 132 ਟੈਸਟ ਮੈਚਾਂ 'ਚ 619 ਵਿਕਟਾਂ ਦਰਜ ਹਨ।

ਇਹ ਗੱਲ ਵੀ ਸਪਸ਼ਟ ਹੈ ਕਿ ਪਿਛਲੇ ਕੁਝ ਸਮੇਂ ਤੋਂ ਟੀ-20 ਕ੍ਰਿਕਟ ਸਮੇਤ ਛੋਟੀਆਂ ਕ੍ਰਿਕਟ ਵੰਨਗੀਆਂ ਦੀ ਆਮਦ ਤੋਂ ਬਾਅਦ ਟੈਸਟ ਮੈਚਾਂ ਵਿੱਚ ਲੋਕਾਂ ਦਾ ਉਤਸ਼ਾਹ ਕਾਫੀ ਘੱਟਦਾ ਨਜ਼ਰ ਆ ਰਿਹਾ ਹੈ। ਕਈ ਮਾਮਲਿਆਂ ਵਿੱਚ ਕ੍ਰਿਕਟ ਖਿਡਾਰੀ ਵੀ ਟੈਸਟ ਕ੍ਰਿਕਟ ਨੂੰ ਤਰਜੀਹ ਦੇਣ ਤੋਂ ਪਿੱਛੇ ਹਟਦੇ ਵਿਖਾਈ ਦਿੱਤੇ ਸਨ। ਹੁਣ ਟੈਸਟ ਕ੍ਰਿਕਟ ਨੂੰ ਹੁਲਾਰਾ ਦੇਣ ਲਈ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਇੱਕ ਅਹਿਮ ਫੈਸਲਾ ਲਿਆ ਹੈ। ਟੈਸਟ ਕ੍ਰਿਕਟ ਨੂੰ ਤਰਜੀਹ ਦੇਣ ਦੀ ਗੱਲ 'ਤੇ ਅਮਲ ਕਰਦਿਆਂ ਭਾਰਤੀ ਕ੍ਰਿਕਟ ਬੋਰਡ ਨੇ ਉਨ੍ਹਾਂ ਖਿਡਾਰੀਆਂ ਲਈ ਮੌਜੂਦਾ ਫੀਸ 15 ਲੱਖ ਰੁਪਏ ਤੋਂ ਵਧਾ ਕੇ 45 ਲੱਖ ਰੁਪਏ ਕਰਨ ਦਾ ਐਲਾਨ ਕੀਤਾ ਹੈ ਜੋ ਹਰ ਸੈਸ਼ਨ 'ਚ ਘੱਟ ਤੋਂ ਘੱਟ 7 ਟੈਸਟ ਮੈਚ ਖੇਡਦੇ ਹਨ। ਇੱਕ ਟੈਸਟ ਖਿਡਾਰੀ ਜੋ ਇੱਕ ਸੈਸ਼ਨ 'ਚ ਤਕਰੀਬਨ 10 ਟੈਸਟ ਮੈਚਾਂ 'ਚ ਹਿੱਸਾ ਲੈਂਦਾ ਏ, ਉਸ ਨੂੰ ਸਾਢੇ 4 ਕਰੋੜ ਰੁਪਏ ਦੀ ਮੋਟੀ ਫੀਸ ਮਿਲੇਗੀ। ਇਹ ਰਕਮ ਉਸ ਫੀਸ ਤੋਂ ਵੱਖਰੀ ਹੋਵੇਗੀ ਜੋ ਖਿਡਾਰੀ ਨੂੰ ਸਾਲਾਨਾ ਕੇਂਦਰੀ ਕਰਾਰ ਤਹਿਤ ਮਿਲਦੀ ਹੈ। ਭਾਰਤੀ ਕ੍ਰਿਕਟ ਟੀਮ ਦੇ ਮੁੱਖ ਕੋਚ ਰਾਹੁਲ ਦ੍ਰਾਵਿੜ ਨੇ ਬੀਸੀਬੀਆਈ ਦੇ ਕਦਮ ਦਾ ਸਵਾਗਤ ਕਰਦਿਆਂ ਇਸ ਨੂੰ ਕ੍ਰਿਕਟ ਦੀ ਸਭ ਤੋਂ ਮੁਸ਼ਕਲ ਵੰਨਗੀ ਖੇਡਣ ਵਾਲੇ ਖਿਡਾਰੀਆਂ ਲਈ ਇਨਾਮ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਦੇਖ ਕੇ ਚੰਗਾ ਲੱਗਾ ਕਿ ਕ੍ਰਿਕਟ ਦੀ ਸਭ ਤੋਂ ਔਖੀ ਵੰਨਗੀ ਨੂੰ ਇਹ ਮਾਣ ਦਿੱਤਾ ਗਿਆ ਹੈ। ਆਸ ਕੀਤੀ ਜਾ ਰਹੀ ਏ ਕਿ ਇਸ ਫੈਸਲੇ ਨਾਲ ਟੈਸਟ ਕ੍ਰਿਕਟ ਵੱਲ ਖਾਸਕਰ ਨੌਜਵਾਨ ਖਿਡਾਰੀਆਂ ਦਾ ਧਿਆਨ ਵਧੇਗਾ।

ਇਸ ਦਰਮਿਆਨ ਇਸ ਵੇਲੇ ਗੁਆਂਢੀ ਦੇਸ਼ ਬੰਗਲਾਦੇਸ਼ ਵਿੱਚ ਘਰੇਲੂ ਟੀਮ ਸ੍ਰੀਲੰਕਾ ਨਾਲ ਲੜੀ ਖੇਡਦੀ ਹੋਈ ਨਜ਼ਰ ਆਈ ਜਦਕਿ ਪਾਕਿਸਤਾਨ ਦੇ ਵਿੱਚ ਉਥੋਂ ਦੀ ਪੇਸ਼ੇਵਰ ਕ੍ਰਿਕਟ ਲੀਗ ਪੀਐਸਐਲ ਦੇ ਮੁਕਾਬਲੇ ਫਾਈਨਲ ਵੱਲ ਵੱਧ ਰਹੇ ਹਨ। ਨਾਲ ਦੀ ਨਾਲ ਗੈਰ ਟੈਸਟ ਮੈਚ ਖੇਡਣ ਵਾਲੇ ਦੇਸ਼ ਵੀ ਕੁੱਝ ਮੁਕਾਬਲੇ ਖੇਡ ਰਹੇ ਹਨ।

ਫਰਵਰੀ 2022 ਤੋਂ 2024 ਤੱਕ ਦੇ ਅੰਕੜੇ ਅਨੁਸਾਰ

## ਰੂਸ-ਯੂਕ੍ਰੇਨ ਜੰਗ 'ਚ 4 ਲੱਖ ਤੋਂ ਵੱਧ ਫੌਜੀ ਅਤੇ ਹਥਿਆਰਾਂ ਦੀ ਹਾਨੀ

ਯੂਕੇਨ ਦੀਆਂ ਹਥਿਆਰਬੰਦ ਫੌਜਾਂ ਨੇ 24 ਫਰਵਰੀ 2022 ਤੋਂ 25 ਫਰਵਰੀ 2024 ਤੱਕ ਯੂਕ੍ਰੇਨ 'ਚ 4,09,820 ਰੂਸੀ ਹਥਿਆਰਬੰਦ ਕਰਮਚਾਰੀਆਂ ਨੂੰ ਮਾਰ ਦਿੱਤਾ। ਇਕੱਲੇ ਸ਼ਨੀਵਾਰ ਨੂੰ ਹੀ 810 ਰੂਸੀ ਹਥਿਆਰਬੰਦ ਫੌਜੀ ਮਾਰੇ ਗਏ ਸਨ। ਯੂਕ੍ਰੇਨਫਾਰਮ ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ ਯੂਕ੍ਰੇਨ ਦੀ ਆਰਮਡ ਫੋਰਸਿਜ਼ ਦੇ ਜਨਰਲ ਸਟਾਫ ਨੇ ਐਤਵਾਰ ਨੂੰ ਫੇਸਬੁੱਕ 'ਤੇ ਇਕ ਪੋਸਟ 'ਚ ਇਹ ਜਾਣਕਾਰੀ ਦਿੱਤੀ।

ਯੂਕ੍ਰੇਨ ਦੀ ਆਰਮਡ ਫੋਰਸਿਜ਼ ਦੇ ਜਨਰਲ ਸਟਾਫ ਨੇ ਦੱਸਿਆ ਕਿ ਪਿਛਲੇ 24 ਦੌਰਾਨ ਯੂਕੇਨ ਵਿਚ ਫਰੰਟ ਲਾਈਨ 'ਤੇ ਯੂਕ੍ਰੇਨੀ ਸੁਰੱਖਿਆ ਬਲਾਂ ਅਤੇ ਰੂਸੀ ਫੌਜਾਂ ਵਿਚਕਾਰ 84 ਝੜਪਾਂ ਹੋਈਆਂ ਹਨ। ਇਸ ਦੌਰਾਨ ਰੂਸੀ ਬਲਾਂ ਨੇ 9 ਮਿਜ਼ਾਈਲ ਹਮਲੇ ਅਤੇ 77 ਹਵਾਈ ਹਮਲੇ ਸ਼ੁਰੂ ਕੀਤੇ, ਨਾਲ ਹੀ ਯੂਕੇਨੀ ਰੱਖਿਆ ਬਲਾਂ ਦੀ ਮੌਜੂਦਗੀ ਅਤੇ ਆਬਾਦੀ ਵਾਲੇ ਖੇਤਰਾਂ 'ਤੇ 119 ਮਲਟੀਪਲ ਲਾਂਚ ਰਾਕੇਟ ਪ੍ਰਣਾਲੀਆਂ ਨਾਲ ਹਮਲੇ ਕੀਤੇ । ਰੂਸੀ ਹਮਲਿਆਂ ਦੇ ਨਤੀਜੇ ਵਜੋਂ ਕਈ ਨਾਗਰਿਕ ਮਾਰੇ ਗਏ ਇਥੇ ਜ਼ਖਮੀ ਹੋ ਗਏ । ਰੂਸੀ ਹਮਲਿਆਂ ਵਿੱਚ ਨਿੱਜੀ ਰਿਹਾਇਸ਼ੀ ਇਮਾਰਤਾਂ ਅਤੇ ਹੋਰ ਨਾਗਰਿਕ ਬੁਨਿਆਦੀ ਢਾਂਚੇ ਨੁਕਸਾਨੇ ਗਏ ਯੂਕਰੇਨੀ ਹਵਾਈ ਫੌਜ ਨੇ ਵੀ ਉਨਾਂ 13 ਖੇਤਰਾਂ ਨੂੰ ਨਿਸ਼ਾਨਾ ਬਣਾਇਆ ਜਿੱਥਿ ਰੂਸੀ ਫੌਜੀ ਸਨ ਯੂਕਰੇਨੀ ਬਲਾ ਨੇ ਦੋ ਰੂਸੀ ਕੇਐਚ 31 ਮਿਸਾਈਲਾਂ ਅਤੇ ਚਾਰ ਜਸੂਸੀ ਡਰੋਨਾਂ ਨੂੰ ਵੀ ਨਸ਼ਟ ਕਰ ਦਿੱਤਾ।






### ਯੁਕ੍ਰੇਨ ਨੇ ਤਬਾਹ ਕੀਤੇ

| | |
|---|---|
| • ਰੂਸੀ ਟੈਂਕ | : 6,542 |
| • 9 ਬਖਤਰਬੰਦ ਲੜਾਕੂ ਵਾਹਨ | : 12,441 (16) |
| • ਤੋਪਖਾਨਾ ਸਿਸਟਮ | : 9,981 (29) |
| • ਮਨੁੱਖ ਰਹਿਤ ਹਵਾਈ ਵਾਹਨ | : 7,681 (22) |
| • ਕਰੂਜ਼ ਮਿਜ਼ਾਈਲਾਂ | : 1,907 (2) |
| • ਮੋਟਰ ਵਾਹਨ | : 13,011 (23) |
| • ਵਿਸ਼ੇਸ਼ ਉਪਕਰਨ ਇਕਾਈਆਂ | : 1,578 (2) |
| • ਮਲਟੀਪਲ ਲਾਂਚ ਰਾਕੇਟ ਸਿਸਟਮ | : 999 |
| • ਜਹਾਜ਼ | : 340 |
| • ਹੈਲੀਕਾਪਟਰ | : 325 |
| • ਜੰਗੀ ਜਹਾਜ਼/ਕਟਰ | : 25 |

### ਯੁਕ੍ਰੇਨੀ ਸ਼ਹਿਰ 'ਅਵਦੇਵਕਾ' ਲਈ ਰੂਸ ਨੇ ਅਫਗਾਨ ਜੰਗ ਤੋਂ ਵੱਧ ਫੌਜੀ ਗੁਆਏ

ਵਾਸ਼ਿੰਗਟਨ: 'ਇੰਸਟੀਚਿਊਟ ਫਾਰ ਦ ਸਟੱਡੀ ਆਫ ਵਾਰ' ਨੇ ਆਪਣੀ ਤਾਜ਼ਾ ਰਿਪੋਰਟ 'ਚ ਕਿਹਾ ਹੈ ਕਿ ਰੂਸ ਨੇ ਪੂਰਬੀ ਯੂਕ੍ਰੇਨ ਦੇ ਅਵਦੇਵਕਾ ਸ਼ਹਿਰ 'ਤੇ ਕਬਜ਼ਾ ਕਰਨ ਲਈ ਸੋਵੀਅਤ-ਅਫਗਾਨ ਜੰਗ ਨਾਲੋਂ ਵਧ ਫੌਜੀ ਗੁਆਏ ਹਨ। ਮੁਲਾਂਕਣ ਵਿਚ ਕਿਹਾ ਗਿਆ ਹੈ ਕਿ ਯੂਕ੍ਰੇਨੀ ਥੱਕੇ ਹੋਏ ਅਤੇ ਚਿੰਤਤ ਹਨ ਕਿ ਅਮਰੀਕੀ ਫੌਜੀ ਸਹਾਇਤਾ ਖਤਮ ਹੋ ਜਾਵੇਗੀ ਪਰ ਉਹ ਦ੍ਰਿੜਤਾ, ਚਤੁਰਾਈ ਅਤੇ ਹੁਨਰ ਨਾਲ ਲੜ ਰਹੇ ਹਨ। ਯੂਕੇਨ ਦੀ ਹਵਾਈ ਰੱਖਿਆ ਫੌਜ ਅਸਮਾਨ ਤੋਂ ਰੂਸੀ ਜਹਾਜ਼ਾਂ ਨੂੰ ਡੇਗ ਰਹੀ ਹੈ ਜਦ ਕਿ ਯੂਕ੍ਰੇਨ ਦੇ ਡਰੋਨ ਅਤੇ ਮਿਜ਼ਾਈਲਾਂ ਰੂਸੀ ਜਹਾਜ਼ਾਂ ਨੂੰ ਡੁੱਬੋ ਰਹੀਆਂ ਹਨ। ਮੁਲਾਂਕਣ ਵਿਚ ਕਿਹਾ ਗਿਆ ਹੈ ਕਿ ਯੂਕ੍ਰੇਨ ਨੂੰ ਸਭ ਤੋਂ ਵੱਧ ਲੋੜੀਂਦੇ ਸੋਮੇ ਪ੍ਰਦਾਨ ਕਰਨ ਲਈ ਸਿਰਫ਼ ਅਮਰੀਕਾ ਹੀ ਕੰਮ ਆ ਸਕਦਾ ਹੈ ।

## ਭਾਰਤ ਨੇ ਅਮਰੀਕਾ ਨੂੰ ਦਿੱਤਾ ਠੋਕਵਾਂ ਜੁਆਬ

'ਸੀਏਏ ਸਾਡਾ ਅੰਦਰੂਨੀ ਮਾਮਲਾ, ਇਹ ਨਾਗਰਿਕਤਾ ਦੇਣ ਲਈ, ਖੋਹਣ ਲਈ ਨਹੀਂ'



ਨਵੀਂ ਦਿੱਲੀ:ਅਮਰੀਕਾ ਵੱਲੋਂ ਸੀਏਏ ਬਾਰੇ ਆਪਣੀ ਚਿੰਤਾ ਪ੍ਰਗਟਾਉਣ 'ਤੇ ਭਾਰਤ ਨੇ ਨਾਰਾਜਗੀ ਜਤਾਈ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਨਾਗਰਿਕਤਾ (ਸੋਧ) ਕਾਨੂੰਨ ਭਾਰਤ ਦਾ ਅੰਦਰੂਨੀ ਮਾਮਲਾ ਹੈ, ਇਸ ਨੂੰ ਦੇਸ ਦੀਆਂ ਸਾਂਝੀਆਂ ਪ੍ਰੰਪਰਾਵਾਂ ਤੇ ਮਨੁੱਖੀ ਅਧਿਕਾਰਾਂ ਪ੍ਰਤੀ ਲੰਬੇ ਸਮੇਂ ਦੀ ਵਚਨਬੱਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਲਾਗੂ ਕੀਤਾ ਗਿਆ ਹੈ। ਮੰਤਰਾਲੇ ਨੇ ਸਪਸ਼ਟ ਕੀਤਾ ਕਿ ਸੀਏਏ ਨਾਗਰਿਕਤਾ ਦੇਣ ਬਾਰੇ ਹੈ, ਨਾਗਰਿਕਤਾ ਖੋਹਣ ਬਾਰੇ ਨਹੀਂ। ਭਾਰਤੀ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਧਾਰਮਿਕ ਆਜਾਦੀ ਦੀ ਗਰੰਟੀ ਦਿੰਦਾ ਹੈ, ਘੱਟ ਗਿਣਤੀਆਂ ਨਾਲ ਵਿਹਾਰ ਪ੍ਰਤੀ ਚਿੰਤਾ ਦਾ ਕੋਈ ਆਧਾਰ ਨਹੀਂ ਹੈ।

## ਪਾਸਪੋਰਟ ਤੋਂ ਕੈਨੇਡਾ ਪੁੱਜੀ ਪਾਕਿਸਤਾਨੀ ਏਅਰ ਹੋਸਟੈੱਸ

**ਇਸਲਾਮਾਬਾਦ** : ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀਆਈਏ) ਨੂੰ ਇਸ ਦੀ ਏਅਰ ਹੋਸਟੈੱਸ ਦੇ ਬਿਨਾਂ ਪਾਸਪੋਰਟ ਦੇ ਕੈਨੇਡਾ ਪਹੁੰਚਣ 'ਤੇ ਜ਼ੁਰਮਾਨਾ ਲਗਾਇਆ ਗਿਆ ਹੈ। ਸੂਤਰਾਂ ਮੁਤਾਬਕ ਏਅਰ ਹੋਸਟੈੱਸ ਇਸਲਾਮਾਬਾਦ ਤੋਂ ਟੋਰਾਂਟੋ ਜਾਣ ਵਾਲੀ ਫਲਾਈਟ ਪੀਕੇ-781 'ਤੇ ਡਿਊਟੀ ਲਈ ਸੀ, ਜਦੋਂ ਇਹ ਅਣਕਿਆਸੀ ਘਟਨਾ ਵਾਪਰੀ। ਇਸ ਲਈ ਪੀਆਈਏ ਨੂੰ 250 ਡਾਲਰ ਦਾ ਜੁਰਮਾਨਾ ਕੀਤਾ ਗਿਆ। ਬੁਲਾਰੇ ਨੇ ਉਨ੍ਹਾਂ ਦਾਅਵਿਆਂ ਦਾ ਖੰਡਨ ਕੀਤਾ ਜਿਸ ਵਿੱਚ ਕਿਹਾ ਗਿਆ ਕਿ ਏਅਰ ਹੋਸਟਸ ਦਾ ਕੈਨੇਡਾ ਪਹੁੰਚਣ 'ਤੇ ਰਾਜਨੀਤਿਕ ਸ਼ਰਨ ਲੈਣ ਦਾ ਇਰਾਦਾ ਸੀ। ਇਹ ਧਿਆਨ ਦੇਣ ਯੋਗ ਹੈ ਕਿ ਪਿਛਲੇ ਦੋ ਸਾਲਾਂ ਵਿੱਚ 10 ਤੋਂ ਵੱਧ ਪੀਆਈਏ ਏਅਰ ਹੋਸਟੈੱਸ ਕੈਨੇਡਾ ਵਿੱਚ ਕਥਿਤ ਤੌਰ 'ਤੇ ਲਾਪਤਾ ਹੋ ਗਈਆਂ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ 1 ਮਾਰਚ ਨੂੰ ਇੱਕ ਹੋਰ ਪੀਆਈਏ ਕੈਬਿਨ ਕਰੂ ਮੈਂਬਰ ਦੇ ਕੈਨੇਡਾ ਵਿੱਚ ਲਾਪਤਾ ਹੋਣ ਦੀ ਸੂਚਨਾ ਹੈ।

ਜਗਜੀਤ ਸਿੰਘ ਸਪੁੱਤਰ ਦਲਵਿੰਦਰ ਸਿੰਘ, ਪਿੰਡ ਗਾਜੀਪੁਰ, ਜ਼ਿਲ੍ਹਾ ਕਪੂਰਥਲਾ-144626, ਪੰਜਾਬ (ਇੰਡੀਆ) ਨੇ ਵਿਨੀ ਪ੍ਰਿੰਟਿੰਗ ਪ੍ਰੈੱਸ, ਨੇੜੇ ਬੀ.ਡੀ.ਓ. ਆਫਿਸ, ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ (ਪੰਜਾਬ) ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ
ਐਡੀਟਰ : ਜਗਜੀਤ ਸਿੰਘ। RNI NO: PUNMUL/2022/85966

